ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

ਪਾਲਿਕਾ ਸਮਾਚਾਰ

ਨਵੀਂ ਦਿੱਲੀ
ਪਾਲਿਕਾ ਸਮਾਚਾਰ
ਸਾਲ-36, ਅੰਕ-5-6,
ਮਈ-ਜੂਨ 2013

**ਸੰਪਾਦਕੀ ਮੰਡਲ**

ਸਰਪ੍ਰਸਤ
ਸੁਸ਼੍ਰੀ ਅਰਚਨਾ ਅਰੋੜਾ
ਪ੍ਰਧਾਨ

ਮੁੱਖ ਸੰਪਾਦਕ
ਵਿਕਾਸ ਆਨੰਦ

ਉਪ ਮੁੱਖ ਸੰਪਾਦਕ
ਏ. ਕੇ. ਮਿਸ਼ਰਾ

ਪ੍ਰਕਾਸ਼ਕ ਸੰਪਾਦਕ
ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ
ਰਵਿੰਦਰ ਨੰਦਾ

ਸਹਾਇਕ ਸੰਪਾਦਕ
ਰੀਮਾ ਕਾਮਰਾ

ਮੁੱਲ
ਇਕ ਕਾਪੀ : 20/- ਰੁ:
ਸਾਲਾਨਾ : ₹ 100/- ਰੁ:
ਪੰਜ ਸਾਲਾਂ ਲਈ : ₹ 400/- ਰੁ:



# ਸੰਪਾਦਕੀ

ਸਭ ਤੋਂ ਪਹਿਲੇ ਮੈਂ ਆਪ ਦਾ ਨਵੇਂ ਸਾਲ 2013 ਵਿੱਚ ਸੁਆਗਤ ਕਰਦਾ ਹਾਂ। ਮੈਨੂੰ ਇਹ ਦੱਸਦੇ ਹੋਏ ਬਹੁਤ ਖ਼ੁਸ਼ੀ ਹੋ ਰਹੀ ਹੈ ਕਿ 'ਨਵੀਂ ਦਿੱਲੀ ਪਾਲਿਕਾ ਸਮਾਚਾਰ' ਦਾ ਨਵਾਂ ਅੰਕ ਮਈ-ਜੂਨ 2013 ਆਪ ਦੇ ਸਨਮੁਖ ਪੇਸ਼ ਕੀਤਾ ਜਾ ਰਿਹਾ ਹੈ। 'ਪਾਲਿਕਾ ਸਮਾਚਾਰ' (ਹਿੰਦੀ, ਉਰਦੂ, ਪੰਜਾਬੀ) ਜੋ ਹੁਣ ਤੱਕ ਮਾਸਕ ਪਤਰਕਾ ਸੀ, ਹੁਣ ਇਸ ਅੰਕ ਨਾਲ ਦੋ-ਮਾਸਕ ਹੋ ਰਹੀ ਹੈ। ਪ੍ਰਿੰਟ-ਮੀਡੀਆ ਵਿੱਚ ਆਈ ਕ੍ਰਾਂਤੀ ਦੇ ਕਾਰਨ ਆਪਣੀ ਗ੍ਰਹਿ ਪਤਰਕਾ ਵਿੱਚ ਨਵੀਨਤਾ, ਰੌਚਿਕਤਾ ਅਤੇ ਸੁਧਾਰ ਲਿਆਉਣਾ ਵੀ ਸਾਡਾ ਮੁੱਖ ਮਕਸਦ ਹੈ। ਇਸ ਕਾਰਨ 'ਨਵੀਂ ਦਿੱਲੀ ਪਾਲਿਕਾ ਸਮਾਚਾਰ' ਵੱਡੇ ਅਤੇ ਬਹੁਰੰਗੀ ਰੂਪ ਵਿੱਚ ਪਾਠਕ ਵਰਗ ਦੇ ਸਾਹਮਣੇ ਪੇਸ਼ ਹੈ। ਇਸ ਪਤਰਕਾ ਦੇ ਮਾਧਿਅਮ ਨਾਲ ਹੀ ਅਸੀਂ ਆਪ ਸਭ ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀਆਂ ਗਤੀਵਿਧੀਆਂ ਤੋਂ ਜਾਣੂ ਕਰਾਉਂਦੇ ਹਾਂ ਅਤੇ ਪਤਰਕਾ ਨੂੰ ਰੁਚੀ ਪੂਰਬਕ ਬਨਾਉਣ ਲਈ ਸਾਹਿਤਕ ਰਚਨਾਵਾਂ ਜਿਵੇਂ ਕਵਿਤਾ, ਕਹਾਣੀ, ਲੇਖ ਅਤੇ ਹੋਰ ਸਮੱਗਰੀ ਦਿੱਤੀ ਜਾਂਦੀ ਹੈ।

ਪਿਛਲੇ ਕਾਫ਼ੀ ਵਰ੍ਹਿਆਂ ਤੋਂ ਸਾਡੀ ਇਸ ਪਤਰਕਾ ਨੂੰ ਆਪ ਤੋਂ ਜੋ ਸਹਿਯੋਗ ਮਿਲ ਰਿਹਾ ਹੈ ਉਸ ਦੇ ਲਈ ਮੈਂ ਆਪ ਸਭ ਦਾ ਧੰਨਵਾਦੀ ਹਾਂ। ਮੈਂ ਚਾਹੁੰਦਾ ਹਾਂ ਕਿ ਆਪ ਲਗਾਤਾਰ ਵਿਭਿੰਨ ਵਿਸ਼ਿਆਂ 'ਤੇ ਆਪਣੀਆਂ ਰਚਨਾਵਾਂ ਸਾਨੂੰ ਭੇਜਦੇ ਰਹੋ।

ਨਵੇਂ ਕਲੇਵਰ ਅਤੇ ਬਹੁਰੰਗੀ ਪਤਰਕਾ ਦੇ ਸੁਆਗਤ ਦੇ ਨਾਲ-ਨਾਲ ਆਪ ਸਾਰੇ ਲੇਖਕਾਂ ਅਤੇ ਪਾਠਕਾਂ ਨੂੰ ਦੁਬਾਰਾ ਅਨੁਰੋਧ ਕਰਦਾ ਹਾਂ ਕਿ ਆਪ ਆਪਣੇ ਕੀਮਤੀ ਵਿਚਾਰਾਂ ਨਾਲ ਵੀ ਸਾਨੂੰ ਜਾਣੂ ਕਰਾਓ।

ਮੁੱਖ ਸੰਪਾਦਕ

# ਇਸ ਅੰਕ ਵਿੱਚ


| | | |
|---|---|---|
| ਸਾਡੇ ਨਵੇਂ ਸਕੱਤਰ – ਸ੍ਰੀ ਵਿਕਾਸ ਆਨੰਦ | 3 | --------- |
| ਨਵੀਂ ਕਿਤਾਬ / ਲੂਣਾ ਪਿੰਡਾ ਵਿੱਚੋਂ ਤਿੰਨ ਗ਼ਜ਼ਲਾਂ | 4 | --------- |
| ਸਮਝੌਤਾ (ਕਹਾਣੀ) | 5 | ਅਨੁ: ਮਮਤਾ ਵਰਮਾ |
| ਦੋ ਗ਼ਜ਼ਲਾਂ | 8 | ਭਗਵਾਨ ਸਿੰਘ 'ਦੀਪਕ' |
| ਦੋ ਕਵਿਤਾਵਾਂ (ਮਾਂ, ਵਾਪਸੀ) | 9 | ਰਵਿੰਦਰ ਨੰਦਾ |
| ਆਮ ਜੀਵਨ ਵਿੱਚ ਨੈਤਿਕਤਾ ਦੀ ਲੋੜ ਤੇ ਮਹੱਤਵ (ਲੇਖ) | 10 | ਮਨਪ੍ਰੀਤ ਕੌਰ |
| ਦੋ ਗ਼ਜ਼ਲਾਂ | 11 | ਸਦਾ ਅੰਬਾਲਵੀ |
| ਪਛਤਾਵਾ (ਕਹਾਣੀ) | 12 | ਮਨਮੋਹਨ ਕੌਰ |
| ਤੂੰ ਜਿੱਤ ਗਿਐਂ (ਬਾਲ ਕਹਾਣੀ) | 14 | ਡਾ. ਦਰਸ਼ਨ ਸਿੰਘ ਆਸ਼ਟ |
| ਬਹਾਦਰ ਨਿਸ਼ਾਨੇਬਾਜ਼ (ਬਾਲ ਕਹਾਣੀ) | 16 | ਬਾਜ ਸਿੰਘ ਮਹਿਲੀਆ |
| ਦੋ ਬਾਲ ਗੀਤ | 18 | ਬਲਤੇਜ ਸਿੰਘ 'ਕੋਮਲ' |
| ਪਾਲਿਕਾ ਗਤੀਵਿਧੀਆਂ | 19 | ------- |
| ਸਾਹਿਤਕ ਸਮਾਚਾਰ | 24 | ------- |



ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)

ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001

ਫ਼ੋਨ : 41501354-70/3209 ਵੈੱਬਸਾਈਟ : www.ndmc.gov.in



# ਸਾਡੇ ਨਵੇਂ ਸਕੱਤਰ–ਸ੍ਰੀ ਵਿਕਾਸ ਆਨੰਦ

ਕਾਮਯਾਬ ਵਿਅਕਤੀਆਂ ਦੇ ਜੀਵਨ ਦੇ ਲੰਮੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਹ ਮੂਲ ਰੂਪ ਵਿੱਚ ਸਹਿਣਸ਼ੀਲ ਹੁੰਦੇ ਹਨ। ਜਦਕਿ ਉਨ੍ਹਾਂ ਨੂੰ ਵੀ ਨਾਕਾਮਯਾਬੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਉਹ ਆਪਣੀ ਇੱਛਾ-ਸ਼ਕਤੀ ਅਤੇ ਦ੍ਰਿੜ੍ਹ ਸੰਕਲਪ ਦੇ ਮਾਧਿਅਮ ਨਾਲ ਅੰਤ ਵਿੱਚ ਕਾਮਯਾਬੀ ਦੀਆਂ ਉਚਾਈਆਂ 'ਤੇ ਜਾ ਪਹੁੰਚਦੇ ਹਨ।

2002 ਬੈਂਚ ਦੇ ਆਈ.ਏ.ਐੱਸ. (ਏ.ਜੀ.ਐੱਮ.ਯੂ.ਟੀ.) ਸ੍ਰੀ ਵਿਕਾਸ ਆਨੰਦ ਨੇ ਮਿਤੀ 1 ਫ਼ਰਵਰੀ, 2013 ਨੂੰ ਸਕੱਤਰ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਰੂਪ ਵਿੱਚ ਸੌਂਹ ਲੈ ਕੇ ਆਪਣਾ ਕਾਰਜਭਾਰ ਸੰਭਾਲਿਆ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵਿੱਚ ਕਾਰਜਭਾਰ ਗ੍ਰਹਿਣ ਕਰਨ ਤੋਂ ਪਹਿਲੇ ਉਹ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਡਿਪਟੀ ਕਮਿਸ਼ਨਰ. [ਦੱਖਣ-ਪੱਛਮੀ ਜ਼ਿਲ੍ਹਾ (ਰਾਜਸਵ ਪ੍ਰਸ਼ਾਸਨ)] ਦੇ ਅਹੁਦੇ 'ਤੇ ਸਨ। ਉਨ੍ਹਾਂ ਦਾ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ, ਦਿੱਲੀ ਨਗਰ ਨਿਗਮ, ਅੰਡੇਮਾਨ, ਨਿਕੋਬਾਰ ਟਾਪੂ, ਦਮਨ ਅਤੇ ਦੀਵ, ਦਾਦਰਾ-ਨਗਰ ਹਵੇਲੀ ਆਦਿ ਵਿੱਚ ਵਿਭਿੰਨ ਅਹੁਦਿਆਂ 'ਤੇ ਕੰਮ ਕਰਨ ਦਾ ਵਿਆਪਕ ਤਜਰਬਾ ਰਿਹਾ ਹੈ।

ਉਨ੍ਹਾਂ ਨੂੰ ਉੱਤਰੀ ਅਤੇ ਮੱਧ ਅੰਡੇਮਾਨ ਵਿੱਚ ਸੁਨਾਮੀ ਤੋਂ ਬਾਅਦ ਤੁਰੰਤ ਰਾਹਤ ਕਾਰਜ/ਉਪ-ਪ੍ਰਭਾਗੀ ਪ੍ਰਸ਼ਾਸਨ ਅਤੇ ਭੂਮੀ ਰਾਜਸਵ ਅਤੇ ਗ੍ਰੇਟ ਨਿਕੋਬਾਰ ਟਾਪੂ ਵਿੱਚ ਉਪ-ਪ੍ਰਭਾਗੀ ਪ੍ਰਸ਼ਾਸਨ ਅਤੇ ਸੁਨਾਮੀ ਤੋਂ ਬਾਅਦ ਰਾਹਤ ਅਤੇ ਪੁਨਰਵਾਸ ਕਾਰਜ ਦਾ ਪੂਰਾ ਤਜਰਬਾ ਰਿਹਾ ਹੈ। ਇਸ ਦੇ ਇਲਾਵਾ ਉਨ੍ਹਾਂ ਨੇ ਸਾਲ 2005 ਵਿੱਚ ਆਪਦਾ ਪ੍ਰਬੰਧਨ ਵਿਸ਼ੇ ਵਿੱਚ ਵਿਦੇਸ਼ ਤੋਂ ਵੀ ਟ੍ਰੇਨਿੰਗ ਪ੍ਰਾਪਤ ਕੀਤੀ ਹੈ ਅਤੇ ਦਮਨ ਅਤੇ ਦੀਵ ਵਿੱਚ ਸੈਰ-ਸਪਾਟਾ ਵਿੱਚ ਵਾਧਾ ਅਤੇ ਉਸ ਦਾ ਵਿਕਾਸ, ਉਦਯੋਗਿਕ ਵਿਕਾਸ ਗਤੀਵਿਧੀਆਂ, ਨਿਰਮਾਣ, ਐੱਸ.ਈ.ਜ਼ੈੱਡ. ਦੀ ਪੀ.ਪੀ.ਪੀ. ਪਰਿਯੋਜਨਾਵਾਂ, ਖੇਡਾਂ ਦੀਆਂ ਸੰਰਚਨਾਵਾਂ ਦਾ ਵਿਕਾਸ ਅਤੇ ਖੇਡ ਸਹੂਲਤਾਂ, ਸਿਹਤ ਅਤੇ ਪਰਿਵਾਰ ਕਲਿਆਣ, ਵੈਟ ਅਤੇ ਕੇਂਦਰੀ ਵਿਕਰੀ ਕਰ ਦਾ ਵੀ ਤਜਰਬਾ ਰਿਹਾ ਹੈ। ਇਨ੍ਹਾਂ ਦੇ ਕਾਰਜਕਾਲ ਦੇ ਦੌਰਾਨ ਉੱਚ ਪੱਧਰੀ ਵਿਕਾਸ ਕਰਦੇ ਹੋਏ ਨਵੇਂ ਕੀਰਤੀਮਾਨ ਸਥਾਪਤ ਕੀਤੇ ਗਏ ਹਨ।

ਆਪ ਵਸਨੀਕਾਂ ਦੀਆਂ ਜਜ਼ਬਾਤਾਂ ਨੂੰ ਸਮਝਦੇ ਹੋਏ ਉਨ੍ਹਾਂ ਦੀ ਮਦਦ ਅਤੇ ਭਾਗੀਦਾਰੀ ਨਾਲ ਸਾਰੇ ਕੰਮਾਂ ਨੂੰ ਨਿਪਟਾਉਣ ਚੰਗੀ ਤਰ੍ਹਾਂ ਜਾਣਦੇ ਹਨ।

'ਪਾਲਿਕਾ ਸਮਾਚਾਰ' ਸੰਪਾਦਕੀ ਪਰਿਵਾਰ ਵੱਲੋਂ ਪਾਲਿਕਾ ਪਰੀਸ਼ਦ ਦੇ ਨਵੇਂ ਮੁਕੱਰਰ ਸਕੱਤਰ, ਸ੍ਰੀ ਵਿਕਾਸ ਆਨੰਦ ਦਾ ਬਹੁਤ-ਬਹੁਤ ਸੁਆਗਤ !

# ਨਵੀਂ ਕਿਤਾਬ

'ਨਵੀਂ ਕਿਤਾਬ' ਕਾਲਮ ਵਿੱਚ ਇਸ ਵਾਰੀ ਪੇਸ਼ ਹੈ ਸੈਂਭੀ ਹਰਭਜਨ ਸਿੰਘ 'ਰਤਨ' ਦੇ ਗ਼ਜ਼ਲ-ਸੰਗ੍ਰਹਿ 'ਲੂਣਾ ਪਿੰਡਾ' ਵਿੱਚੋਂ ਤਿੰਨ ਗ਼ਜ਼ਲਾਂ :

## (1) ਗ਼ਜ਼ਲ

ਖ਼ੁਸ਼ੀ ਤੇ ਗ਼ਮ ਨਦੀ ਦੇ ਦੋ ਕਿਨਾਰੇ ਨੇ ।
ਉਹਦੀ ਰਜ਼ਾ 'ਚ ਹੀ, ਉਹਦੇ ਇਸ਼ਾਰੇ ਨੇ ।

ਮੰਨਿਆ ਬਹੁਤ ਫ਼ਰੇਬ ਹੈ ਪਿਆਰ ਅੰਦਰ,
ਦਿਲ ਵਾਲੇ ਹੀ ਪਿਆਰ ਦੇ ਪਿਆਰੇ ਨੇ ।

ਇੱਕੋ ਘਰ ਮੰਦਰ, ਮਸਜਿਦ, ਗੁਰੂਦਵਾਰੇ,
ਘਰ ਤੋੜਨ ਵਾਲੇ ਰੱਬ ਦੇ ਹਤਿਆਰੇ ਨੇ ।

ਸਦਾ ਸੋਚ ਸੋਚਦੀ, ਸੱਚ ਉਸ ਦੇ ਲਈ,
ਅਹਿਸਾਸ ਜਿੰਦ ਨੇ ਜਿਨ੍ਹੇ ਉਭਾਰੇ ਨੇ ।

ਰੋਕ ਸਕਿਆ ਕੋਈ, ਚੰਨ ਦੀ ਚਾਨਣੀ ਨੂੰ,
ਹੀਰ ਰਾਂਝਾ ਅੱਜ ਵੀ, ਪਿਆਰ ਸਿਤਾਰੇ ਨੇ ।

ਭਾਵੇਂ ਕੋਈ ਕਰੋ ਚਾਰਾ ਤੁਸੀਂ ਦੋਸਤੋ,
ਯਾਦ ਆਂਦੇ ਪਲ ਜੋ ਇਕੱਠਿਆਂ ਗੁਜ਼ਾਰੇ ਨੇ ।

## (2) ਗ਼ਜ਼ਲ

ਕੌਣ ਹੈ ਇੱਥੇ ਅਪਣਾ ਕਿਸ ਨੂੰ ਗ਼ੈਰ ਕਹਾਂ ।
ਪੈਰ-ਪੈਰ ਤੇ ਵੈਰੀ ਕਿਸ ਨੂੰ ਨਿਰਵੈਰ ਕਹਾਂ ।

ਮਤਲਬ ਲਈ ਹਰ ਕੋਈ ਹੱਸ ਕੇ ਮਿਲਦਾ ਏ,
ਮਨ ਕਿਸ ਦਾ ਸਾਫ਼ ਹੈ, ਕਿਸ ਨੂੰ ਜ਼ਹਿਰ ਕਹਾਂ ।

ਤੁਰ ਗਏ ਦੇ ਦਿਲਾਸਾ, ਡਾਵਾਂ-ਡੋਲ ਫਿਰਾਂ,
ਕਿੱਥੋਂ ਲੱਭਾਂ, ਕਿਹੜਾ ਉਹਦਾ ਸ਼ਹਿਰ ਕਹਾਂ ।

ਭੁੱਲ ਗਿਆ ਉਹ, ਕੀਤੇ ਕੌਲ-ਕਰਾਰਾਂ ਨੂੰ,
ਹੋਣੀ ਕੋਈ ਮਜਬੂਰੀ, ਕਿਉਂ ਕਹਿਰ ਕਹਾਂ ।

ਢਲੇ ਪਰਛਾਂਵੇਂ, ਮੌਜੀ ਪੰਛੀ ਉੱਡਿਆ ਨਾ,
ਸਰਘੀ ਵੇਲੇ ਨੂੰ, ਕਿਵੇਂ ਸਿਖਰ ਦੁਪਹਿਰ ਕਹਾਂ ।

ਗ਼ਜ਼ਲ ਕਹਿਣੀ ਬੜੀ ਔਖੀ ਹੈ ਮੇਰੇ ਦੋਸਤੋ,
ਦੱਸੋ ਕੋਈ ਸੌਖਾ, ਕਿਹੜਾ ਮੈਂ ਬਹਿਰ ਕਹਾਂ ।

## (3) ਗ਼ਜ਼ਲ

ਦਰਦ ਦੀ ਡੂੰਘਾਈ ਕੋਈ ਕੀ ਜਾਣੇ ।
ਸਮੇਂ ਦੀ ਪਰਛਾਂਈਂ ਕੋਈ ਕੀ ਜਾਣੇ ।

ਨਫ਼ਰਤ ਵੀ ਫ਼ਿਤਰਤ ਹੈ ਇਨਸਾਨ ਦੀ,
ਮੁਸ਼ਕਿਲ ਹੈ ਭਰਪਾਈ, ਕੋਈ ਕੀ ਜਾਣੇ ।

ਕੋਈ ਜ਼ੋਰ ਦਿਲ ਤੇ ਨਹੀਂ ਹੁੰਦਾ ਦੋਸਤੋ,
ਸਾਫ਼ ਦਾਮਨ, ਸਚਾਈ ਕੋਈ ਕੀ ਜਾਣੇ ।

ਲਾਟ ਦਰਦ ਦੀ ਮੱਚੀ ਹੈ ਦਿਲ ਅੰਦਰ,
ਤਨ ਦੀ ਗਰਮਾਈ, ਕੋਈ ਕੀ ਜਾਣੇ ।

ਮਹਿਫ਼ੂਜ਼ ਸਿੱਪ ਅੰਦਰ ਮੋਤੀ ਹੁੰਦਾ ਦੋਸਤੋ,
ਸਾਗਰ ਦੀ ਗਹਿਰਾਈ, ਕੋਈ ਕੀ ਜਾਣੇ ।

ਧੜਕਦੇ ਦਿਲ ਦੀ ਧੜਕਣ ਜਦੋਂ ਧੜਕੀ,
ਆਇਆ ਰੱਬ ਧਰਤੀ ਤੇ, ਕੋਈ ਕੀ ਜਾਣੇ ।

*ਕਹਾਣੀ*

# ਸਮਝੌਤਾ

ਮੂਲ : **ਅਸ਼ਰਫ਼ ਖਾਨ**
ਅਨੁਵਾਦ : **ਮਮਤਾ ਵਰਮਾ**

ਸਫ਼ਦਰ ਦੇ ਵਿਆਹ ਦਾ ਕਾਰਡ ਮੈਂ ਨਾਇਲਾ ਵੱਲ ਵਧਾਇਆ ਤਾਂ ਉਹ ਹੈਰਾਨ ਰਹਿ ਗਈ। ਸਿਰ ਤੋਂ ਪੈਰ ਤੱਕ ਮੈਨੂੰ ਤੱਕਦੀ ਹੀ ਜਾ ਰਹੀ ਸੀ। ਉਸ ਦੀ ਸਵਾਲੀਆ ਨਜ਼ਰ ਮੈਨੂੰ ਪੁੱਛ ਰਹੀ ਸੀ, "ਸਫ਼ਦਰ ਤਾਂ ਤੇਰਾ ਸੀ... ਤੇਰਾ ਆਪਣਾ...ਤੇਰਾ ਪਿਆਰ...ਤੁਸੀਂ ਦੋਵਾਂ ਨੇ ਤਾਂ ਜ਼ਿੰਦਗੀ ਇਕੱਠਿਆਂ ਗੁਜ਼ਾਰਨ ਦਾ ਫ਼ੈਸਲਾ ਕੀਤਾ ਸੀ...ਤੇ ਫਿਰ ਅਚਾਨਕ ਸਫ਼ਦਰ ਦਾ ਰਿਸ਼ਤਾ ਕਿਸੇ ਹੋਰ ਨਾਲ...।"

ਮੈਂ ਉਸ ਦੀਆਂ ਨਜ਼ਰਾਂ ਨੂੰ ਬਰਦਾਸ਼ਤ ਨਾ ਕਰ ਸਕੀ ਤੇ ਮੁੜ ਕੇ ਖਿੜਕੀ ਦੇ ਕੋਲ ਆ ਖੜ੍ਹੀ ਹੋਈ। ਮੈਂ ਬਾਹਰ ਵੇਖਣ ਲੱਗੀ।

ਉਸ ਨੇ ਅਗਾਂਹ ਵੱਧ ਕੇ ਮੇਰੇ ਮੋਢੇ 'ਤੇ ਹੱਥ ਰੱਖ ਦਿੱਤਾ। ਮੈਂ ਉਸ ਵੱਲ ਮੁੜੀ ਤਾਂ ਉਸ ਨੇ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਦਿੱਤੀਆਂ ਤੇ ਪੁੱਛਿਆ, "ਸਨਾ, ਇਹ ਸਭ ਕੀ ਐ?"

ਸਿਕੰਦਰ ਮਿਰਜ਼ਾ ਸ਼ਹਿਰ ਦੇ ਅਮੀਰ ਆਦਮੀ ਸਨ। ਉਨ੍ਹਾਂ ਨੇ ਆਪਣੇ ਬੱਚਿਆਂ ਦੀ ਤਾਲੀਮ ਵਿੱਚ ਕੋਈ ਕਸਰ ਨਹੀਂ ਛੱਡੀ ਸੀ ਪਰ ਵੱਡੇ ਬੇਟੇ ਅਜ਼ਹਰ ਮਿਰਜ਼ਾ ਦਾ ਦਿਲ ਪੜ੍ਹਾਈ ਤੋਂ ਉਚਾਟ ਹੋ ਚੁੱਕਾ ਸੀ। ਉਸ ਨੂੰ ਕਾਰੋਬਾਰ ਵਿੱਚ ਜ਼ਿਆਦਾ ਦਿਲਚਸਪੀ ਸੀ। ਇਸ ਲਈ ਉਨ੍ਹਾਂ ਨੇ ਬੇਟੇ ਦੀ ਦਿਲਚਸਪੀ ਨੂੰ ਦੇਖਦੇ ਹੋਏ ਕਾਰੋਬਾਰ ਵਿੱਚ ਪਾ ਦਿੱਤਾ ਤੇ ਛੋਟਾ ਬੇਟਾ ਸਫ਼ਦਰ ਮਿਰਜ਼ਾ ਅਜੇ ਪੜ੍ਹ ਰਿਹਾ ਸੀ।

ਸਫ਼ਦਰ ਨਾਲ ਮੇਰੀ ਮੁਲਾਕਾਤ ਕਾਲਜ ਵਿੱਚ ਹੋਈ ਸੀ, ਉਦੋਂ ਹੀ ਅਸੀਂ ਲੋਕ ਦੋਸਤ ਬਣ ਗਏ...ਤੇ ਫਿਰ ਹੌਲੀ ਹੌਲੀ ਇਹ ਦੋਸਤੀ ਪਿਆਰ ਵਿੱਚ ਬਦਲ ਗਈ।

ਇਸ ਤੋਂ ਪਹਿਲਾਂ ਕਿ ਸਾਡੇ ਸੁਪਨੇ ਸੱਚ ਹੁੰਦੇ, ਸਾਡੇ ਵਿਚਾਲੇ ਫ਼ਾਸਲੇ ਪੈਦਾ ਹੋਣ ਲੱਗੇ। ਕਾਲਜ ਤੋਂ ਨਿਕਲਣ ਮਗਰੋਂ ਸਫ਼ਦਰ ਨੇ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈ ਲਿਆ। ਉਹ ਡਾਕਟਰ ਬਣਨਾ ਚਾਹੁੰਦਾ ਸੀ ਤੇ ਮੈਨੂੰ ਘਰ ਬਿਠਾ ਦਿੱਤਾ ਗਿਆ।

ਮੇਰੀ ਮਾਂ ਪੁਰਾਣੇ ਖ਼ਿਆਲਾਂ ਵਾਲੀ ਸੀ। ਉਨ੍ਹਾਂ ਦੀ ਨਜ਼ਰ ਵਿੱਚ ਬੇਟੀ ਪਰਾਇਆ ਧਨ ਹੁੰਦੀ ਹੈ। ਉਸ ਨੂੰ ਜ਼ਿਆਦਾ ਦਿਨਾਂ ਤੱਕ ਬਾਬੁਲ ਦੇ ਦਰ 'ਤੇ ਨਹੀਂ ਟਿਕਣਾ ਚਾਹੀਦਾ। ਇਸ ਲਈ ਉਹ ਜਲਦੀ ਹੀ ਮੇਰੇ ਹੱਥ ਪੀਲੇ ਕਰ ਦੇਣਾ ਚਾਹੁੰਦੀ ਸੀ।

ਸਫ਼ਦਰ ਤੋਂ ਸਿਵਾ ਮੈਂ ਕਿਸੇ ਹੋਰ ਬਾਰੇ ਸੋਚ ਵੀ ਨਹੀਂ ਸੀ ਸਕਦੀ। ਪਰ ਸਫ਼ਦਰ ਦੇ ਸਾਹਮਣੇ ਉਸ ਦਾ ਕੈਰੀਅਰ ਸੀ, ਬਿਨਾਂ ਪੜ੍ਹਾਈ ਪੂਰੀ ਕੀਤਿਆਂ ਉਹ ਸ਼ਾਦੀ ਨਹੀਂ ਕਰ ਸਕਦਾ ਸੀ ਤੇ ਇੰਨਾ ਲੰਬਾ ਇੰਤਜ਼ਾਰ ਕੌਣ ਕਰ ਸਕਦਾ ਸੀ...?"

ਪਰ ਕਹਿੰਦੇ ਨੇ ਨਾ ਕਿ ਇੰਤਜ਼ਾਰ ਵਿੱਚ ਵੀ ਅਲੱਗ ਹੀ ਮਜ਼ਾ ਹੁੰਦਾ ਹੈ ਤੇ ਮੈਂ ਆਪਣੇ ਮਹਿਬੂਬ ਦਾ ਸਾਰੀ ਜ਼ਿੰਦਗੀ ਇੰਤਜ਼ਾਰ ਕਰ ਸਕਦੀ ਸੀ, ਉਸ ਲਈ ਸਭ ਕੁਝ ਕੁਰਬਾਨ ਕਰ ਸਕਦੀ ਸੀ, ਇਸ ਲਈ ਹੁਣ ਤੱਕ ਮੈਂ ਮਾਂ ਦੀ ਹਰ ਗੱਲ ਮੋੜਦੀ ਰਹੀ। ਇਸ ਵਿੱਚ ਅੱਬਾ ਮੇਰੀ ਤਰਫ਼ਦਾਰੀ ਕਰਦੇ...ਸ਼ਾਇਦ ਉਹ ਬਦਲੇ ਹੋਏ ਜ਼ਮਾਨੇ ਦੀ ਰਫ਼ਤਾਰ ਸਮਝਦੇ ਸੀ।

ਜਦੋਂ ਅੰਮੀਂ ਮੇਰੇ ਪਿੱਛੇ ਪੈਂਦੀ ਤਾਂ ਅੱਬਾ ਬੋਲ ਪੈਂਦੇ, "ਕਿਉਂ ਮੇਰੀ ਧੀ ਨੂੰ ਘਰ ਤੋਂ ਨਠਾਉਣ ਤੇ ਤੁਲੀ ਐਂ। ਮੈਂ ਕਮਾਉਂਨਾਂ, ਮੇਰੀ ਧੀ ਤੇਰੇ 'ਤੇ ਤਾਂ ਬੋਝ ਨੀਂ...।"

ਇਹ ਸੁਣ ਕੇ ਅੰਮੀਂ ਸੜ ਕੇ ਖ਼ਾਕ ਹੋ ਜਾਂਦੀ, "ਗੱਲ ਬੋਝ ਤੇ ਕਮਾਈ ਦੀ ਨਹੀਂ ਪਰ ਧੀ ਦਾ ਕੱਦ ਜਦੋਂ ਬਰਾਬਰ ਦਾ ਹੋ ਜੇ ਤਾਂ ਉਸ ਦੇ ਹੱਥ ਪੀਲੇ ਕਰ ਦੇਣੇ ਚਾਹੀਦੈ ਨੇ।"

ਹਾਂ, ਤਾਂ ਸਫ਼ਦਰ ਨੇ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈ ਲਿਆ ਸੀ। ਉਹ ਅਕਸਰ ਸਮਾਂ ਕੱਢ ਕੇ ਮੈਨੂੰ ਮਿਲ ਵੀ ਲੈਂਦਾ ਸੀ। ਇਸ ਵਿਚਕਾਰ ਉਸ ਦੇ ਵੱਡੇ ਭਰਾ ਅਜ਼ਹਰ ਮਿਰਜ਼ਾ ਦਾ ਵਿਆਹ ਸੀ। ਵਿਆਹ ਵਿੱਚ ਮੈਂ ਵੀ ਗਈ ਸੀ।

ਮੈਂ ਤੇ ਸਫ਼ਦਰ ਇਕ ਦੂਜੇ ਨੂੰ ਪਸੰਦ ਕਰਦੇ ਸੀ, ਇਹ ਗੱਲ ਸਫ਼ਦਰ ਦੇ ਘਰ ਵਾਲਿਆਂ ਨੂੰ ਵੀ ਪਤਾ ਸੀ। ਸ਼ਾਇਦ ਇਸੇ ਕਰਕੇ ਮੈਂ ਹਰ ਕਿਸੇ ਦੀਆਂ ਨਜ਼ਰਾਂ ਵਿੱਚ ਚੜ੍ਹ ਗਈ ਸੀ। ਇਸ ਦਾ ਮਤਲਬ ਸੀ ਕਿ ਮੈਂ ਵੀ ਇਸ ਘਰ ਦੀ ਹੋਣ ਵਾਲੀ ਬਹੂ ਸੀ।

ਮੈਡੀਕਲ ਕਾਲਜ ਤੋਂ ਨਿਕਲਣ ਮਗਰੋਂ ਸਫ਼ਦਰ ਨੇ ਹਾਊਸ ਜੌਬ ਸ਼ੁਰੂ ਕਰ ਦਿੱਤੀ ਸੀ। ਇਸ ਵਾਰ ਜਦੋਂ ਉਹ ਮੈਨੂੰ ਮਿਲਿਆ ਤਾਂ ਮੈਂ ਦੱਸਿਆ ਕਿ ਅੰਮੀਂ ਨੂੰ ਮੇਰੇ ਵਿਆਹ ਦੀ ਬਹੁਤ ਚਿੰਤਾ ਹੈ। ਮੈਂ ਹੋਰ ਜ਼ਿਆਦਾ ਦਿਨ ਇੰਤਜ਼ਾਰ ਨਹੀਂ ਕਰ ਸਕਦੀ। ਉਹ ਮੇਰਾ

ਰਿਸ਼ਤਾ ਕਿਤੇ ਹੋਰ ਕਰ ਦੇਣਾ ਚਾਹੁੰਦੀ ਹੈ। ਮੇਰੇ ਨਾਲ ਦੀਆਂ ਸਾਰੀਆਂ ਕੁੜੀਆਂ ਦਾ ਵਿਆਹ ਹੋ ਚੁੱਕਿਆ ਹੈ। ਨਾਇਲਾ ਦਾ ਵੀ ਵਿਆਹ ਹੋ ਗਿਆ ਹੈ।

ਸਾਰੀਆਂ ਗੱਲਾਂ ਸੁਣ ਕੇ ਸਫ਼ਦਰ ਨੇ ਕਿਹਾ, "ਹਾਊਸ-ਜ਼ੌਬ ਪੂਰਾ ਹੋਣ ਮਗਰੋਂ ਮੈਂ ਵਿਆਹ ਕਰ ਲਵਾਂਗਾ। ਬੱਸ, ਕੁਝ ਹੀ ਦਿਨਾਂ ਦੀ ਤਾਂ ਗੱਲ ਐ।"

ਕੁਝ ਦਿਨਾਂ ਬਾਅਦ ਸਫ਼ਦਰ ਦਾ ਹਾਊਸ-ਜ਼ੌਬ ਪੂਰਾ ਹੋਇਆ। ਅਸੀਂ ਖ਼ੁਸ਼ ਸੀ ਕਿ ਸਾਡੇ ਘਰ ਬਰਾਤ ਆਵੇਗੀ...ਮੇਰੀ ਡੋਲੀ ਤੁਰੇਗੀ। ਪਰ ਇਸ ਤੋਂ ਪਹਿਲਾਂ ਕਿ ਸਾਡਾ ਮਿਲਣਾ ਹੁੰਦਾ, ਸਫ਼ਦਰ ਘਬਰਾਇਆ ਹੋਇਆ ਆਇਆ ਤੇ ਮੈਨੂੰ ਕਹਿਣ ਲੱਗਾ, "ਉਹ ਪਾਗਲ ਹੋ ਗਈ...।"

"ਕੌਣ ਪਾਗਲ ਹੋ ਗਈ ?" ਮੈਂ ਹੈਰਾਨ ਸੀ।

"ਉਹੀ ਰਹੀਮ ਚਾਚਾ ਦੀ ਲੜਕੀ ਨੂਰੀ...।"

"ਪਤਾ ਨੀਂ ਕੀ ਹੋਇਐ ? ਉਹ ਕਿਸੇ ਨੂੰ ਪਛਾਣਦੀ ਹੀ ਨਈਂ। ਕੋਈ ਉਸ ਦੇ ਨੇੜੇ ਜਾਂਦੈ ਤਾਂ ਜੋ ਹੱਥਾਂ ਵਿੱਚ ਆਉਂਦੈ ਉਹ ਉਸ ਨੂੰ ਮਾਰਨ ਲੱਗਦੀ ਐ।" ਸਫ਼ਦਰ ਨੇ ਦੱਸਿਆ।

ਰਹੀਮ ਚਾਚਾ ਉਸ ਦੇ ਇੱਥੇ ਨੌਕਰ ਸਨ। ਉਹ ਕਿਸੇ ਪਿੰਡ ਤੋਂ ਸਨ ਤੇ ਰੋਜ਼ੀ-ਰੋਟੀ ਦੀ ਭਾਲ ਵਿੱਚ ਸ਼ਹਿਰ ਆਏ ਸਨ। ਕਦੇ ਕਦੇ ਪਿੰਡ ਚਲੇ ਜਾਂਦੇ ਸਨ। ਵਿਆਹ ਦੇ 10 ਸਾਲਾਂ ਬਾਅਦ ਵੀ ਉਨ੍ਹਾਂ ਨੂੰ ਕੋਈ ਔਲਾਦ ਨਹੀਂ ਸੀ ਹੋਈ।

10 ਸਾਲ ਬਾਅਦ ਨੂਰੀ ਪੈਦਾ ਹੋਈ ਸੀ। ਉਹ ਮਾਂ ਨਾਲ-ਨਾਲ ਦੇ ਪਿੰਡ ਵਿੱਚ ਰਹਿੰਦੀ ਸੀ। ਮਾਂ ਦੇ ਮਰਨ ਮਗਰੋਂ ਉਹ ਰਹੀਮ ਚਾਚਾ ਨਾਲ ਸ਼ਹਿਰ ਆ ਗਈ। ਹੁਣ ਉਹ 14 ਸਾਲ ਦੀ ਸੀ।

ਅਚਾਨਕ ਉਸ ਦੇ ਪਾਗਲ ਹੋਣ ਦੀ ਖ਼ਬਰ ਸੁਣ ਕੇ ਮੈਂ ਹੈਰਾਨ ਰਹਿ ਗਈ।

ਸਫ਼ਦਰ ਦੇ ਨਾਲ ਮੈਂ ਨੂਰੀ ਨੂੰ ਵੇਖਣ ਪਹੁੰਚੀ। ਉਸ ਨੂੰ ਇਕ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ ਸੀ। ਕਮਰੇ ਦੀ ਖਿੜਕੀ ਖੁੱਲ੍ਹੀ ਹੋਈ ਸੀ। ਮੈਂ ਝਾਕ ਕੇ ਵੇਖਿਆ ਤਾਂ ਉਹ ਬਦਹਵਾਸੀ ਦੇ ਆਲਮ ਵਿੱਚ ਖੜ੍ਹੀ ਸੀ। ਵਾਲ ਚਿਹਰੇ 'ਤੇ ਬਿਖਰੇ ਪਏ ਸਨ, ਲਿਬਾਸ ਬੇਤਰਤੀਬ ਸੀ।

ਮੇਰਾ ਖੜਾਕ ਸੁਣ ਕੇ ਉਸ ਨੇ ਮੇਰੇ ਵੱਲ ਵੇਖਿਆ ਤੇ ਮੈਨੂੰ ਵੇਖਦੇ ਹੀ ਚੀਖਣ ਲੱਗੀ, "ਮੇਰੇ ਨੇੜੇ ਨਾ ਆ...ਨਹੀਂ ਤਾਂ ਮੈਂ ਤੈਨੂੰ ਮਾਰ...ਰੁਕ ਜਾ...।" ਇਸੇ ਨਾਲ ਉਹ ਕਮਰੇ ਵਿੱਚ ਰੱਖੀਆਂ ਚੀਜ਼ਾਂ ਚੁੱਕ ਕੇ ਮੇਰੇ ਵੱਲ ਸੁੱਟਣ ਲੱਗੀ।

ਸਫ਼ਦਰ ਨੇ ਕਮਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ ਤੇ ਸਾਹਮਣੇ ਖੜ੍ਹਾ ਹੋ ਕੇ ਬੋਲਿਆ, "ਲੈ ਮਾਰ ਮੈਨੂੰ...।"

ਉਸ ਨੇ ਫੁੱਲਦਾਨ ਚੁੱਕ ਕੇ ਸਫ਼ਦਰ ਵੱਲ ਮਾਰਿਆ ਤਾਂ ਸਫ਼ਦਰ ਨੇ ਹੱਥ ਨਾਲ ਰੋਕ ਲਿਆ ਨਹੀਂ ਤਾਂ ਉਸ ਦਾ ਚਿਹਰਾ ਵਿਗੜ ਜਾਂਦਾ। ਪਰ ਉਸ ਦੇ ਹੱਥ ਵਿੱਚ ਸੱਟ ਲੱਗੀ ਸੀ ਤੇ ਖ਼ੂਨ ਦੀਆਂ ਬੂੰਦਾਂ ਨਿਕਲ ਆਈਆਂ ਸਨ।

ਸਫ਼ਦਰ ਦਾ ਹੱਥ ਜ਼ਖ਼ਮੀ ਹੋ ਗਿਆ ਸੀ ਤਾਂ ਨੂਰੀ ਹੈਰਾਨੀ ਨਾਲ ਵੇਖਦੀ ਰਹਿ ਗਈ ਜਿਵੇਂ ਆਪਣੇ ਕੀਤੇ 'ਤੇ ਸ਼ਰਮਿੰਦਾ ਹੋਵੇ ਤੇ ਫਿਰ ਅੱਗੇ ਹੋ ਕੇ ਸਫ਼ਦਰ ਦਾ ਹੱਥ ਆਪਣੇ ਹੱਥ ਵਿੱਚ ਲੈ ਲਿਆ ਤੇ ਮੇਰੀ ਪਰਵਾਹ ਕੀਤੇ ਬਗ਼ੈਰ ਹੱਥ ਦੇ ਜ਼ਖ਼ਮਾਂ 'ਤੇ ਉਸ ਨੇ ਆਪਣੇ ਬੁੱਲ੍ਹ ਰੱਖ ਦਿੱਤੇ, ਹੱਥਾਂ ਵਿੱਚੋਂ ਨਿਕਲ ਰਹੇ, ਖ਼ੂਨ ਨੂੰ ਉਸ ਨੇ ਆਪਣੇ ਬੁੱਲ੍ਹਾਂ ਵਿੱਚ ਜਜ਼ਬ ਕਰ ਲਿਆ।

ਇਹ ਵੇਖ ਕੇ ਸਫ਼ਦਰ ਨੇ ਮੈਨੂੰ ਕਿਹਾ, "ਲੱਗਦੈ ਇਸ ਨਾਲ ਕੋਈ ਹਾਦਸਾ ਹੋ ਗਿਆ...ਸਨਾ, ਇਹ ਮੇਰੀ ਜ਼ਿੰਦਗੀ ਦਾ ਪਹਿਲਾ ਤਜਰਬਾ ਹੋਵੇਗਾ...ਮੈਂ ਇਸ ਕੇਸ ਨੂੰ ਖ਼ੁਦ ਠੀਕ ਕਰਨਾ ਚਾਹੁੰਨਾਂ...ਇਕ ਡਾਕਟਰ ਹੋਣ ਦੇ ਨਾਤੇ ਮੈਂ ਇਸ ਦਾ ਇਲਾਜ ਕਰਾਂਗਾ, ਪਰ ਇਸ ਸਭ ਲਈ ਮੈਨੂੰ ਤੇਰੀ ਮਦਦ ਚਾਹੀਦੀ ਐ...।"

"ਸਾਨੂੰ ਇਸ ਨੂੰ ਇਸ ਮਾਹੌਲ ਤੋਂ ਦੂਰ ਲੈ ਜਾਣਾ ਪੈਣੇ, ਜਿੱਥੇ ਇਹ ਆਪਣਾ ਦਰਦ ਭੁਲਾ ਕੇ ਕੁਝ ਰਾਹਤ ਮਹਿਸੂਸ ਕਰ ਸਕੇ ਤਾਂ ਕਿ ਇਸ ਨਾਲ ਪੇਸ਼ ਆਏ ਹਾਦਸੇ ਬਾਰੇ ਕੁਝ ਪਤਾ ਲੱਗ ਸਕੇ...।"

ਅਸੀਂ ਉਸ ਨੂੰ ਸ਼ਹਿਰ ਤੋਂ ਦੂਰ ਲੈ ਗਏ। ਡਾਕ ਬੰਗਲੇ ਵਿੱਚ ਕਿਰਾਇਆ ਦਾ ਕਮਰਾ ਲਿਆ...ਉੱਥੇ ਉਸ ਨੂੰ ਖ਼ੁਸ਼ਗਵਾਰ ਮਾਹੌਲ ਦਿੱਤਾ...ਉਸ ਨੂੰ ਸੈਰ ਤੇ ਤਫ਼ਰੀਹ ਕਰਵਾਈ। ਪਰ ਅਜੇ ਤੱਕ ਉਸ ਨੇ ਆਪਣੀ ਜ਼ਬਾਨ ਨਹੀਂ ਸੀ ਖੋਲ੍ਹੀ।

"ਇਕ ਰਾਤ ਅਸੀਂ ਸੁੱਤੇ ਪਏ ਸੀ ਕਿ ਅਚਾਨਕ ਮੇਰੀ ਅੱਖ ਖੁੱਲ੍ਹ ਗਈ। ਕਮਰੇ ਵਿੱਚ ਨਾ ਤਾਂ ਨੂਰੀ ਸੀ ਤੇ ਨਾ ਹੀ ਸਫ਼ਦਰ। ਮੈਂ ਪਰੇਸ਼ਾਨ ਹੋ ਗਈ। ਮੇਰਾ ਦਿਲ ਧੜਕਣ ਲੱਗਾ। ਆਖਿਰ ਗੱਲ ਕੀ ਐ ? ਸਫ਼ਦਰ ਵੀ ਉਸ ਨਾਲ ਚਲਾ ਗਿਆ, ਮੈਨੂੰ ਬਗ਼ੈਰ ਦੱਸੇ...।"

ਜਿਵੇਂ-ਜਿਵੇਂ ਵਕਤ ਗੁਜ਼ਰਦਾ ਗਿਆ ਮੇਰੀ ਪਰੇਸ਼ਾਨੀ ਵਧਦੀ ਰਹੀ। ਕੁਝ ਦੇਰ ਬਾਅਦ ਮੈਂ ਵੇਖਿਆ ਕਿ ਸਫ਼ਦਰ ਉਸ ਦੀ ਬਾਂਹ ਫੜ੍ਹੀ ਤੁਰਿਆ ਆ ਰਿਹਾ ਸੀ।

ਸਫ਼ਦਰ ਨੇ ਨੇੜੇ ਆ ਕੇ ਦੱਸਿਆ ਕਿ ਉਹ ਖ਼ੁਦਕੁਸ਼ੀ ਕਰਨ ਗਈ ਸੀ। ਇਸ ਖ਼ੁਦਕੁਸ਼ੀ ਦੀ ਵਜ੍ਹਾ ਉਸ ਨੇ ਜੋ ਸਫ਼ਦਰ ਨੂੰ ਦੱਸੀ ਉਹ ਇਹ ਸੀ :

ਅਜ਼ਹਰ ਮਿਰਜ਼ਾ ਦੀ ਪਤਨੀ ਆਪਣੇ ਬੱਚਿਆਂ ਸਮੇਤ ਪੇਕੇ ਗਈ ਹੋਈ ਸੀ ਤੇ ਅਜ਼ਹਰ ਮਿਰਜ਼ਾ ਦੌਰੇ 'ਤੇ ਸੀ।

ਇਕ ਰਾਤ ਉਹ ਆਇਆ ਤਾਂ ਨੂਰੀ ਉਸ ਲਈ ਰੋਟੀ ਲੈ ਕੇ ਗਈ। ਉਹ ਝੁਕ ਕੇ ਬਰਤਨ ਚੁੱਕ ਰਹੀ ਸੀ ਕਿ ਅਜ਼ਹਰ ਮਿਰਜ਼ਾ ਨੇ ਦਰਵਾਜ਼ਾ ਬੰਦ ਕਰ ਲਿਆ...।

ਉਹ ਕਮਰੇ ਅੰਦਰ ਚੀਖਦੀ ਰਹੀ...ਆਪਣੇ ਬਚਾਅ ਲਈ ਕਮਰੇ ਵਿੱਚ ਰੱਖੀਆਂ ਚੀਜ਼ਾਂ ਚੁੱਕ ਕੇ ਮਾਰਦੀ ਰਹੀ ਪਰ ਕਿੱਥੇ ਇਕ ਮਰਦ ਤੇ ਕਿੱਥੇ ਇਕ ਔਰਤ...ਅਜ਼ਹਰ ਮਿਰਜ਼ਾ ਆਪਣੇ ਇਰਾਦਿਆਂ ਵਿੱਚ ਕਾਮਯਾਬ ਹੋ ਗਿਆ ਸੀ।

ਇਸ ਹਾਦਸੇ ਨਾਲ ਉਹ ਆਪਣਾ ਦਿਮਾਗੀ ਸੰਤੁਲਨ ਗੁਆ ਬੈਠੀ ਸੀ।

ਉਸ ਨੂੰ ਪਾਗਲ ਕਰਾਰ ਦੇ ਕੇ ਕਮਰੇ ਵਿੱਚ ਕੈਦ ਕਰ ਦਿੱਤਾ ਗਿਆ ਸੀ।

ਰਹੀਮ ਚਾਚਾ ਤੋਂ ਜਵਾਨ ਧੀ ਦੀ ਇਹ ਹਾਲਤ ਵੇਖੀ ਨਹੀਂ ਸੀ ਜਾ ਰਹੀ। ਸਫ਼ਦਰ ਨੇ ਉਨ੍ਹਾਂ ਨੂੰ ਦਿਲਾਸਾ ਦਿੱਤਾ ਕਿ ਉਹ ਕੁਝ ਕਰੇਗਾ।

ਨੂਰੀ ਹੁਣ ਜਿਊਂਣਾ ਨਹੀਂ ਚਾਹੁੰਦੀ ਸੀ ਪਰ ਸਫ਼ਦਰ ਉਸ ਵਿੱਚ ਜਿਊਂਣ ਦੀ ਆਰਜ਼ੂ ਪੈਦਾ ਕਰਨਾ ਚਾਹੁੰਦਾ ਸੀ।

ਉਹ ਸਾਡੇ ਨਾਲ ਸੈਰ ਲਈ ਜਾਂਦੀ ਤੇ ਸਾਡੀਆਂ ਗੱਲਾਂ ਵਿੱਚ ਸ਼ਰੀਕ ਹੋਣ ਲੱਗ ਪਈ ਸੀ। ਹੁਣ ਉਹ ਪਹਿਲਾਂ ਨਾਲੋਂ ਠੀਕ ਨਜ਼ਰ ਆਉਣ ਲੱਗੀ ਸੀ। ਉਸ ਦੇ ਝੁਕੇ-ਝੁਕੇ ਪਪੋਟੇ ਇਹ ਵੀ ਦੱਸਦੇ ਸਨ ਕਿ ਉਹ ਆਪਣੇ ਮਸੀਹਾ ਸਫ਼ਦਰ ਨਾਲ ਮੁਹੱਬਤ ਕਰਨ ਲੱਗੀ ਸੀ।

ਮੈਂ ਇਸ ਮਸਲੇ 'ਤੇ ਬਹੁਤ ਗੌਰ ਕੀਤਾ। ਜਦੋਂ ਕਿਸੇ ਨਤੀਜੇ ਉੱਪਰ ਪਹੁੰਚ ਗਈ ਤਾਂ ਸਫ਼ਦਰ ਨਾਲ ਗੱਲ ਕੀਤੀ। ਪਰ ਸਫ਼ਦਰ ਮੇਰੀ ਗੱਲ ਸੁਣ ਕੇ ਆਪੇ ਤੋਂ ਬਾਹਰ ਹੋ ਗਿਆ ਸੀ।

ਮੈਂ ਉਸ ਨੂੰ ਸਮਝਾਇਆ, "ਸਫ਼ਦਰ ਮੈਨੂੰ ਤਾਂ ਕਈ ਸਫ਼ਦਰ ਮਿਲ ਜਾਣਗੇ...ਪਰ ਉਸ ਨੂੰ ਤੈਥੋਂ ਬਗ਼ੈਰ ਕੋਈ ਨਹੀਂ ਮਿਲਣਾ...।"

"ਉਸ ਦੀ ਸਾਰੀ ਕਹਾਣੀ ਸੁਣਨ ਮਗਰੋਂ ਕੌਣ ਉਸ ਨੂੰ ਅਪਣਾਊ...ਜ਼ਾਲਮ ਸਮਾਜ ਵਾਲੇ ਉਸ ਨੂੰ ਕਦੇ ਕਬੂਲ ਨਹੀਂ ਕਰਨਗੇ ...ਉਹ ਇਸ ਜ਼ਮੀਨ 'ਤੇ ਬੋਝ ਬਣ ਕੇ ਰਹਿ ਜੂ। ਉਸ ਦਾ ਹੱਥ ਆਪਣੇ ਹੱਥ ਵਿੱਚ ਲੈ ਲੈ ਸਫ਼ਦਰ...।"

ਮੇਰੀ ਪੂਰੀ ਕਹਾਣੀ ਸੁਣਨ ਤੋਂ ਬਾਅਦ ਨਾਇਲਾ ਨੇ ਕਿਹਾ, "ਮੈਂ ਤੇਰੇ ਇਸ ਜਜ਼ਬੇ ਦੀ ਕਦਰ ਕਰਦੀ ਆਂ। ਦੁਨੀਆ ਵਿੱਚ ਬਹੁਤ ਘੱਟ ਅਜਿਹੇ ਲੋਕ ਹਨ ਜਿਹੜੇ ਦੂਜਿਆਂ ਲਈ ਜਿਊਂਦੇ ਨੇ।"

ਉਹ ਖ਼ਾਮੋਸ਼ ਹੋਈ ਤਾਂ ਮੈਂ ਇਹ ਕਹਿੰਦੇ ਹੋਏ ਕਮਰੇ ਤੋਂ ਬਾਹਰ ਨਿਕਲ ਆਈ, "ਅੱਛਾ, ਵਿਆਹ ਵਿੱਚ ਆਉਣਾ ਨਾ ਭੁੱਲੀਂ।"

ਮਕਾਨ 256, ਪ੍ਰੋਫੈਸਰ ਕਾਲੋਨੀ,
ਸਾਹਮਣੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ, ਪੰਜਾਬ

(ਸਫ਼ਾ 13 ਦੀ ਬਾਕੀ)

ਘਰ ਪਹੁੰਚ ਕੇ, ਸਕੂਟਰ ਬਾਹਰ ਹੀ ਖੜ੍ਹਾ ਰਹਿਣ ਦਿੱਤਾ ਤੇ ਤੇਜ਼ੀ ਨਾਲ ਮੈਂ ਅੰਦਰ ਵੱਲ ਵਧੀ....ਬੱਚੇ ਮੈਨੂੰ ਆਇਆ ਦੇਖ ਕੇ ਦੌੜੇ ਆਏ... "ਮਾਮਾ-ਮਾਮਾ...ਆ ਗਏ..." ਬੀਜੀ ਵੀ ਮੈਨੂੰ ਬੇ-ਟਾਈਮ ਆਇਆ ਦੇਖ ਕੇ ਹੈਰਾਨੀ ਨਾਲ ਬਰਾਂਡੇ ਵੱਲ ਆ ਗਏ। ਉਹ ਹਬੜ-ਵਾਹੇ ਬੋਲੇ... "ਵਹੁਟੀਏ! ਸੁੱਖ ਤਾਂ ਏ...ਕਿਉਂ ਜਲਦੀ ਆ ਗਈ ਏਂ?" ਉਨ੍ਹਾਂ ਦੇ ਚਿਹਰੇ ਤੇ ਘਬਰਾਹਟ ਸੀ...ਮੈਂ ਬੱਚਿਆਂ ਨੂੰ ਛੱਡ ਬੀਜੀ ਵੱਲ ਹੋ ਗਈ...ਉਨ੍ਹਾਂ ਦੇ ਪੈਰਾਂ 'ਤੇ ਝੁੱਕ ਗਈ... "ਬੀਜੀ ਮੈਨੂੰ ਮਾਫ਼ ਕਰ ਦਿਉ...ਮੈਂ ਸਵੇਰੇ ਐਵੇਂ ਹੀ ਤੁਹਾਨੂੰ ਕੀ ਕੁਝ ਕਹਿ ਗਈ।" ਬੀਜੀ ਨੇ ਮੈਨੂੰ ਦੋਹਾਂ ਹੱਥਾਂ ਨਾਲ ਉੱਪਰ ਕੀਤਾ ਤੇ ਘੁੱਟ ਕੇ ਗਲੇ ਲਗਾ ਲਿਆ... "ਪੁੱਤ...ਝੱਲੀ...ਕੁੜੀ...ਤੂੰ ਵੀ ਤਾਂ ਮੈਨੂੰ ਅਵਿਨਾਸ਼ ਵਰਗੀ ਏਂ...ਜੇ ਕੁਝ ਕਹਿ ਬੈਠੀ ਤਾਂ ਫਿਰ ਕੀ ਹੋਇਆ?"...

"ਨਹੀਂ ਬੀਜੀ...ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ ਮੈਂ...ਹੁਣ ਅਵਿਨਾਸ਼ ਪ੍ਰਤੀ ਤੁਹਾਡੇ ਜਜ਼ਬਾਤਾਂ ਦਾ ਕਤਲ ਨਹੀਂ ਕਰਾਂਗੀ...ਆਖ਼ਿਰ ਤੁਸੀਂ ਵੀ ਤਾਂ ਉਸ ਦੀ ਮਾਂ ਹੋ, ਸ਼ਾਇਦ ਹਰ ਮਾਂ ਆਪਣੇ ਬੱਚੇ ਨੂੰ ਅੰਤਾਂ ਦਾ ਪਿਆਰ ਕਰਦੀ ਹੈ।" ਬੀਜੀ ਨੇ ਮੇਰੇ ਮੂੰਹ ਤੇ ਹੱਥ ਰੱਖਦੇ ਹੋਏ ਭਿੱਜੀਆਂ ਅੱਖਾਂ ਨਾਲ ਮੈਨੂੰ ਹੋਰ ਵੀ ਨਜ਼ਦੀਕ ਕਰ ਲਿਆ।

*586 E, ਆਜ਼ਾਦ ਨਗਰ, ਸਰਹਿੰਦ ਰੋਡ, ਪਟਿਆਲਾ ਪੰਜਾਬ*

# ਦੋ ਗ਼ਜ਼ਲਾਂ

ਭਗਵਾਨ ਸਿੰਘ 'ਦੀਪਕ'

ਹੋਈਆਂ ਵੀਰਾਨ ਮੇਰੀਆਂ ਰਾਹਵਾਂ ਤੇਰੇ ਬਗ਼ੈਰ ।
ਤੂੰ ਦੱਸ ਮੈਂ ਕਿੱਧਰ ਮਹਿਰਮਾਂ ਜਾਵਾਂ ਤੇਰੇ ਬਗ਼ੈਰ ।

ਆਈ ਬਹਾਰ ਝੂਮਦੀ ਮਹਿਕੇ ਚਮਨ ਚਮਨ,
ਭਾਵਣ ਨਾ ਮੈਨੂੰ ਗੂੜ੍ਹੀਆਂ ਛਾਂਵਾਂ ਤੇਰੇ ਬਗ਼ੈਰ ।

ਨੈਣਾਂ 'ਚ ਮੇਰੇ ਅੱਥਰੂ ਬੁੱਲ੍ਹਾਂ 'ਤੇ ਸਿਸਕੀਆਂ,
ਖ਼ੁਸ਼ੀਆਂ ਦੇ ਗੀਤ ਕਿਸ ਤਰ੍ਹਾਂ ਗਾਵਾਂ ਤੇਰੇ ਬਗ਼ੈਰ ।

ਦਿਸਦਾ ਨਾ ਕੋਈ ਦਰਦੀ ਸਾਰੇ ਜਹਾਨ ਤੇ,
ਸੀਨੇ ਦੇ ਜ਼ਖ਼ਮ ਕਿਸ ਨੂੰ ਵਖਾਵਾਂ ਤੇਰੇ ਬਗ਼ੈਰ ।

ਗ਼ਮ ਦੀ ਹਨੇਰੀ ਰਾਤ ਵਿੱਚ ਝੁੱਲੀਆਂ ਹਨੇਰੀਆਂ,
ਥਾਂ ਥਾਂ ਮੈਂ ਠੁੱਡੇ 'ਦੀਪਕ' ਖਾਵਾਂ ਤੇਰੇ ਬਗ਼ੈਰ ।

2

ਤੇਰਾ ਜ਼ਿਕਰ ਤੇਰਾ ਫ਼ਿਕਰ ਤੇਰਾ ਖ਼ਿਆਲ ਸੀ ।
ਮੇਰੀ ਨਜ਼ਰ ਨੂੰ ਦੋਸਤਾ ਤੇਰੀ ਹੀ ਭਾਲ ਸੀ ।

ਇਸ ਦਿਲ 'ਤੇ ਤੇਰੇ ਨਕਸ਼ ਇੰਜ ਉਕਰੇ ਸੀ ਦੋਸਤਾ,
ਦਿਲ ਤੋਂ ਜਿਨ੍ਹਾਂ ਨੂੰ ਮੇਟਣਾ ਡਾਹਢਾ ਮੁਹਾਲ ਸੀ ।

'ਕੱਲਾ ਨਹੀਂ ਸਾਂ ਦੋਸਤਾ ਮੈਂ ਗ਼ਮ ਦੀ ਭੀੜ ਵਿੱਚ,
ਤੇਰੀ ਯਾਦ ਹਰ ਇਕ ਪੈਰ 'ਤੇ ਮੇਰੇ ਨਾਲ ਨਾਲ ਸੀ ।

ਇਕ ਵਾਰ ਵੀ ਨਾ ਓਸ ਨੇ ਦਿੱਤਾ ਕੋਈ ਜਵਾਬ,
ਮੇਰੇ ਦਿਲ 'ਚ ਕਿੰਨੀਆਂ ਹਸਰਤਾਂ, ਕਿੰਨੇ ਸਵਾਲ ਸੀ ।

ਤੇਰੀ ਖ਼ੁਸ਼ੀ ਦੇ ਵਾਸਤੇ 'ਦੀਪਕ' ਜੀ ਮਰ ਗਏ,
ਮਰ ਕੇ ਵੀ ਜੇ ਮੈਂ ਜੀ ਰਿਹਾਂ ਮੇਰਾ ਕਮਾਲ ਸੀ ।

*ਜੀ-8, ਸ਼ੁਭ ਐਨਕਲੇਵ, ਪਲਾਟ ਐੱਚ 4/5,*
*ਪੀਤਮਪੁਰਾ, ਦਿੱਲੀ-110034*

# ਦੋ ਕਵਿਤਾਵਾਂ

## ਮਾਂ

ਜਦੋਂ ਦੀ ਮਾਂ ਗਈ ਹੈ
ਕਵਿਤਾ ਪਤਾ ਨਹੀਂ ਕਿੱਥੇ ਗੁਆਚ ਗਈ ਹੈ
ਮੈਨੂੰ ਯਾਦ ਆਉਂਦਾ ਹੈ
ਮੇਰੇ ਨਾਲ ਗਈ ਸੀ
ਮਾਂ ਦੀ ਚਿਖਾ ਤੱਕ
ਮੈਂ ਤੇ ਪਰਤ ਆਇਆ
ਪਰ ਕਵਿਤਾ ਅਜੇ ਵੀ
ਉੱਥੇ ਬੈਠੀ ਹੈ
ਜਿੱਥੇ ਮਾਂ ਨੇ ਕੀਤਾ ਸੀ
ਅਗਨੀ ਇਸ਼ਨਾਨ
ਸੋਚਦੀ ਹੈ ਮਾਂ ਨੂੰ
ਨਾਲ ਲੈ ਕੇ ਪਰਤੇਗੀ ਇਕ ਦਿਨ
ਨਾਸਮਝ ਹੈ
ਨਹੀਂ ਜਾਣਦੀ
ਪੰਜ ਤੱਤ ਤਾਂ ਮਿੱਟੀ ਵਿੱਚ
ਮਿਲ ਜਾਂਦੇ ਹਨ
ਫੇਰ ਤਾਂ ਸਿਰਫ਼
ਰਹਿ ਜਾਂਦੀਆਂ ਨੇ
ਅਭੁੱਲ ਯਾਦਾਂ
ਜੋ ਕਿਸੇ ਅੱਗ ਵਿੱਚ
ਬਲ਼ਦੀਆਂ ਨਹੀਂ ।

## (ii) ਵਾਪਸੀ

ਦੋਸਤੋ,
ਹੁਣ ਮੈਂ ਪਰਤ ਰਿਹਾ ਹਾਂ
ਆਪਣੀ ਦੁਨੀਆ ਵਿੱਚ
ਜਿੱਥੇ ਕਿਤਾਬਾਂ ਹਨ
ਤੁਹਾਡੀਆਂ ਯਾਦਾਂ ਹਨ ,
ਅਤੇ
ਕੁਝ ਸੁਫਨੇ ਵੀ
ਸ਼ਾਇਦ
ਕਾਫ਼ੀ ਹੁੰਦੇ ਹਨ
ਜਿਊਂਣ ਲਈ
ਇਹ ਸਭ ਕੁਝ ।

— ਰਵਿੰਦਰ ਨੰਦਾ

**ਲੇਖ**

# ਆਮ ਜੀਵਨ ਵਿੱਚ ਨੈਤਿਕਤਾ ਦੀ ਲੋੜ ਤੇ ਮਹਤੱਵ

**ਮਨਪ੍ਰੀਤ ਕੌਰ**

ਹਰ ਮਨੁੱਖ ਦੇ ਮਨ ਉੱਤੇ ਉਸ ਦੇ ਆਲੇ-ਦੁਆਲੇ ਦਾ ਚੰਗਾ ਜਾਂ ਮੰਦਾ ਪ੍ਰਭਾਵ ਪੈਂਦਾ ਹੈ ਤੇ ਮਨੁੱਖ ਉਨ੍ਹਾਂ ਪ੍ਰਭਾਵਾਂ ਅਨੁਸਾਰ ਹੀ ਸੰਸਾਰ ਵਿੱਚ ਵਿਚਰਦਾ ਹੈ। ਸੰਸਾਰ ਵਿੱਚ ਵਿਚਰਦੇ ਹੋਏ ਉਸ ਨੂੰ ਕਈ ਤਰ੍ਹਾਂ ਦੇ ਫੁਰਨੇ ਫੁਰਦੇ ਰਹਿੰਦੇ ਹਨ, ਇਨ੍ਹਾਂ ਫੁਰਨਿਆਂ ਵਿੱਚੋਂ ਕੁਝ ਕੁ ਫੁਰਨਿਆਂ ਦਾ ਪ੍ਰਭਾਵ ਮਨੁੱਖੀ ਮਨ 'ਤੇ ਐਨਾ ਜ਼ਿਆਦਾ ਪੈਂਦਾ ਹੈ ਕਿ ਇਹੀ ਫੁਰਨੇ ਹੌਲੀ-ਹੌਲੀ ਉਸ ਦੇ ਸੰਸਕਾਰਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਨ੍ਹਾਂ ਸੰਸਕਾਰਾਂ ਤੋਂ ਹੀ ਆਦਤਾਂ ਬਣਦੀਆਂ ਹਨ ਤੇ ਇਹੀ ਆਦਤਾਂ ਪੱਕ ਕੇ ਮਨੁੱਖ ਦਾ ਸੁਭਾਅ ਬਣਾਂਦੀਆਂ ਹਨ।

ਇਹੀ ਸੁਭਾਅ ਦੀਆਂ ਪਕਿਆਈਆਂ ਮਨੁੱਖ ਵਿੱਚ ਭੈੜੇ ਜਾਂ ਚੰਗੇ ਗੁਣ ਉਸਾਰਦੀਆਂ ਹਨ। ਚੰਗੇ ਗੁਣਾਂ ਵਿੱਚ ਸਦਾਚਾਰ, ਅਨੁਸ਼ਾਸਨ, ਉੱਚਾ ਤੇ ਸੁੱਚਾ ਆਚਰਣ, ਈਮਾਨਦਾਰੀ, ਪਵਿੱਤ੍ਰਤਾ, ਸਫ਼ਾਈ ਤੇ ਨੇਕਨਾਮੀ ਹੁੰਦੀ ਹੈ ਤੇ ਭੈੜੇ ਕੰਮਾਂ ਵਿੱਚ ਈਰਖਾ, ਨਿੰਦਾ, ਚੁਗਲੀ, ਠੱਗੀ, ਪਖੰਡ ਦਾ ਜ਼ੋਰ ਵੱਧ ਜਾਂਦਾ ਹੈ।

ਮਨੁੱਖ ਭਾਵੇਂ ਕਈ ਵਾਰੀ ਸਰੀਰਕ ਤੌਰ 'ਤੇ ਆਰਾਮ ਦੀ ਅਵਸਥਾ ਵਿੱਚ ਹੁੰਦਾ ਹੈ ਪਰ ਮਨੁੱਖੀ ਮਨ ਦੀ ਚੰਚਲਤਾ ਉਸ ਨੂੰ ਕਦੀ ਵੀ ਟਿਕ ਕੇ ਨਹੀਂ ਬਹਿਣ ਦੇਂਦੀ। ਚੰਗੇ ਤੇ ਮੰਦੇ ਵਿਚਾਰਾਂ ਦੀ ਵਾਗਡੋਰ ਕਦੀ ਸਾਕਾਰਾਤਮਕ ਤੇ ਕਦੀ ਨਾਕਾਰਾਤਮਕ ਦਿਸ਼ਾ ਵੱਲ ਮੁੜ ਜਾਂਦੀ ਹੈ ਪਰ ਜੇਕਰ ਸੰਸਕਾਰ ਪੱਕੇ ਤੇ ਮਜਬੂਤ ਹੋਣ ਤਾਂ ਮਨੁੱਖ ਦੇ ਨੈਤਿਕ ਗੁਣਾਂ ਵਿੱਚ ਨਿਰੰਤਰ ਵਾਧਾ ਹੁੰਦਾ ਜਾਂਦਾ ਹੈ। ਇਨ੍ਹਾਂ ਗੁਣਾਂ ਨੂੰ ਸਥਾਈ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਮਨੁੱਖ ਆਪਣੇ ਜੀਵਨ ਨੂੰ ਸਾਕਾਰਾਤਮਕ ਰੁਚੀਆ ਵੱਲ ਲਾਈ ਰੱਖੇ। ਉੱਚੇ ਤੇ ਸੁੱਚੇ ਵਿਚਾਰਾਂ ਨਾਲ ਆਪਣੇ ਆਦਰਸ਼ ਦੀ ਪ੍ਰਾਪਤੀ ਲਈ ਨਿਰੰਤਰ ਜਤਨਸ਼ੀਲ ਰਹੇ। ਸਰੀਰਕ ਤੇ ਮਾਨਸਿਕ ਦੋਹਾਂ ਤਰ੍ਹਾਂ ਨਾਲ ਤੰਦਰੁਸਤ ਰਹੇ। ਸਰੀਰਕ ਤੰਦਰੁਸਤੀ ਲਈ ਕਸਰਤ, ਖੇਡਾਂ, ਸੈਰ ਆਦਿ ਵੱਲ ਰੁਚਿਤ ਰਹੇ ਤੇ ਮਾਨਸਿਕ ਤੰਦਰੁਸਤੀ ਲਈ ਸਾਦਾ ਭੋਜਨ ਕਰੇ, ਚੰਗੀਆ ਪੁਸਤਕਾਂ ਦਾ ਅਧਿਐਨ ਕਰੇ ਤੇ ਮਨ ਦੀ ਬਿਰਤੀਆਂ ਨੂੰ ਕਾਬੂ ਵਿੱਚ ਰੱਖੇ। ਉੱਚੇ ਤੇ ਸ਼ੁੱਧ ਵਿਚਾਰਾਂ ਨਾਲ ਜੀਵਨ ਨੂੰ ਉਚਿਤ ਸੇਧ ਦੇਵੇ। ਆਪਣੇ ਸਮੇਂ ਨੂੰ ਅਜਾਂਈਂ ਨਾ ਗਵਾਵੇ, ਸਗੋਂ ਸਮੇਂ ਦਾ ਠੀਕ ਤੇ ਭਰਪੂਰ ਉਪਯੋਗ ਕਰੇ। ਮਨ ਨੂੰ ਟਿਕਾਅ ਵਿੱਚ ਰੱਖਣ ਲਈ ਚੰਗਾ ਸਾਹਿਤ ਪੜ੍ਹੇ ਇਸ ਦੇ ਨਾਲ ਉਸ ਦੇ ਨੈਤਿਕ ਗੁਣਾਂ ਵਿੱਚ ਵਾਧਾ ਹੁੰਦਾ ਜਾਵੇਗਾ।

ਕਿਸੇ ਵੀ ਸਫ਼ਲ ਵਿਅਕਤੀ ਦਾ ਇਤਿਹਾਸ ਪੜ੍ਹੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਉਸ ਦੀ ਸਫ਼ਲਤਾ ਪਿੱਛੇ ਉਸ ਵਿੱਚ ਪੈਦਾ ਹੋਏ ਨੈਤਿਕ ਗੁਣਾਂ ਦਾ ਕਿੰਨਾ ਵੱਡਾ ਯੋਗਦਾਨ ਰਿਹਾ ਹੈ। ਕਿਸੇ ਵੀ ਵਿਅਕਤੀ ਦੀ ਸਫ਼ਲਤਾ ਪਿੱਛੇ ਉਸ ਦੀ ਕਰੜੀ ਮਿਹਨਤ, ਉਸ ਦੀ ਆਸ਼ਾਵਾਦੀ ਸੋਚ ਉਸ ਦੇ ਦ੍ਰਿੜ੍ਹ ਆਤਮ-ਵਿਸ਼ਵਾਸ ਤੇ ਉਸ ਦੇ ਮਨ 'ਤੇ ਪਏ ਸੰਸਕਾਰ ਬੜ੍ਹੇ ਸਹਾਈ ਹੁੰਦੇ ਹਨ। ਨੈਤਿਕਤਾ, ਆਦਰਸ਼ ਤੇ ਸਵੈ-ਵਿਸ਼ਵਾਸ ਕੋਈ ਕੋਰੇ ਸ਼ਬਦ ਨਹੀਂ ਹਨ ਬਲਕਿ ਸੱਚਾਈ ਤਾਂ ਇਹ ਹੈ ਕਿ ਇਨ੍ਹਾਂ ਸ਼ਬਦਾਂ ਦੇ ਅਸਲੀ ਗੁਣਾਂ ਨੂੰ ਧਾਰਣ ਕੀਤੇ ਬਿਨਾਂ ਕੋਈ ਵੀ ਮਨੁੱਖ ਕਾਮਯਾਬ ਹੋ ਹੀ ਨਹੀਂ ਸਕਦਾ। ਨੈਤਿਕਤਾ ਹੀ ਮਨੁੱਖ ਨੂੰ ਉੱਚਾ ਤੇ ਸੁੱਚਾ ਇਖ਼ਲਾਕ ਰੱਖਣ, ਅਨੁਸ਼ਾਸਿਤ ਤੇ ਸੰਗਠਿਤ ਜੀਵਨ-ਜਾਚ ਦੇਣ, ਕਥਨੀ ਤੇ ਕਰਨੀ ਵਿੱਚ ਇਕਸਾਰਤਾ ਬਣਾਈ ਰੱਖਣ ਵਿੱਚ ਮਦਦਗਾਰ ਹੁੰਦੀ ਹੈ। ਨੈਤਿਕਤਾ ਹੀ ਉਹ ਗੁਣ ਹੈ ਜੋ ਵਿਅਕਤੀ ਨੂੰ ਵਿਅਕਤੀ ਤੋਂ ਵੱਖਰੇ ਕਿਸਮ ਦਾ ਬਣਾਂਦਾ ਹੈ। ਨੈਤਿਕ ਗੁਣ ਹੀ ਕਿਸੇ ਵਿਅਕਤੀ ਵਿੱਚ ਸੱਚੀ ਇਨਸਾਨੀਅਤ, ਸਰਬ-ਸਾਂਝੀਵਾਲਤਾ, ਮਨੁੱਖੀ ਭਾਈਚਾਰਾ, ਭ੍ਰਾਤਰੀ-ਭਾਵ ਤੇ ਸਰਬੱਤ ਦਾ ਭਲਾ ਮੰਗਣ ਵਾਲੇ ਭਾਵ ਪੈਦਾ ਕਰਦੇ ਹਨ। ਨੈਤਿਕ ਗੁਣਾਂ ਸਦਕਾ ਹੀ ਮਨੁੱਖ ਦੇ ਮਨ ਵਿੱਚੋਂ ਈਰਖਾ, ਸਾੜਾ, ਵੈਰ, ਨਿੰਦਾ, ਚੁਗਲੀ ਵਰਗੇ ਭਾਵਾਂ ਦਾ ਨਾਸ ਹੁੰਦਾ ਹੈ। ਮਨੁੱਖ ਦਾ ਮਨ ਟਿਕਾਅ ਵਿੱਚ ਆਂਦਾ ਹੈ। ਉਸ ਨੂੰ ਲੱਗਦਾ ਹੈ ਕਿ ਉਸ ਦਾ ਜੀਵਨ ਦੂਜਿਆਂ ਦੀ ਸੇਵਾ ਕਰਨ ਲਈ ਬਣਿਆ ਹੈ। ਉਹ ਸਿਰਫ਼ ਆਪਣੇ ਆਪ ਲਈ ਨਹੀਂ ਜਿਊਂਦਾ ਸਗੋਂ ਉਸ ਦੀ ਸੋਚ ਵਿੱਚ ਇਤਨੀ ਵਿਸ਼ਾਲਤਾ ਆ ਜਾਂਦੀ ਹੈ ਕਿ ਉਹ ਸਰਬੱਤ ਦੇ ਭਲੇ ਲਈ ਅਰਦਾਸਾਂ ਕਰਦਾ ਹੈ। ਉਸ ਦੇ ਮਨ ਦੇ ਵਿਸ਼ੇ ਵਿਕਾਰ ਮਿੱਟ ਜਾਂਦੇ ਹਨ। ਉਹ ਹਰ ਵੇਲੇ ਸਦਾਚਾਰ ਤੇ ਆਦਰਸ਼ ਦੀਆਂ ਗੱਲਾਂ ਕਰਦਾ ਹੈ ਅਤੇ ਆਪਣਾ ਜੀਵਨ ਇਨਸਾਨੀ ਭਲਾਈ ਦੇ ਲੇਖੇ ਲਾ ਦੇਂਦਾ ਹੈ। ਉਸ ਦਾ ਦੈਨਿਕ ਵਿਹਾਰ ਬਦਲ ਜਾਂਦਾ ਹੈ। ਨਿਮਰਤਾ ਤੇ ਸਾਦਗੀ ਵਿੱਚ ਰਹਿ ਕੇ ਆਪਣਾ ਜੀਵਨ ਕਰਤੱਵ ਪੂਰਾ ਕਰਦਾ ਹੈ। ਉਸ ਦੇ ਜੀਵਨ ਦਾ ਉਦੇਸ਼ :

ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤੁ

ਬਣ ਜਾਂਦਾ ਹੈ। ਉਸ ਲਈ ਕੋਈ ਵੈਰੀ ਨਹੀਂ ਰਹਿੰਦਾ ਸਗੋਂ ਸਾਰਾ ਸੰਸਾਰ ਉਸ ਨੂੰ ਚੰਗਾ ਲੱਗਣ ਲੱਗਦਾ ਹੈ। ਨੈਤਿਕਤਾ ਦਾ ਜੀਵਨ ਨਾਲ ਡੂੰਘਾ ਸੰਬੰਧ ਹੈ, ਇਸ ਨੂੰ ਜੀਵਨ ਤੋਂ ਵੱਖ ਕਰਕੇ ਵੇਖਿਆ ਹੀ ਨਹੀਂ ਜਾ ਸਕਦਾ। ਕਿਸੇ ਵੀ ਵਿਅਕਤੀ ਦੀ ਪਛਾਣ ਉਸ ਦੇ ਨੈਤਿਕ ਗੁਣਾਂ ਦੀ ਪਰਖ ਕਰਕੇ ਹੀ ਕੀਤੀ ਜਾ ਸਕਦੀ ਹੈ। ਜੇਕਰ ਮਨੁੱਖ ਵਿੱਚ ਕਿਤਾਬੀ ਵਿੱਦਿਆ ਦੇ ਨਾਲ-ਨਾਲ ਨੈਤਿਕ ਗੁਣਾਂ ਦਾ ਸਮਾਵੇਸ਼ ਵੀ ਹੋ ਜਾਵੇ ਤਾਂ ਮਨੁੱਖ ਇਸ ਸੰਸਾਰ ਦਾ ਸਰਵ ਸ੍ਰੇਸ਼ਟ ਪ੍ਰਾਣੀ ਹੋ ਸਕਦਾ ਹੈ।

*J-7/14B, ਰਾਜੌਰੀ ਗਾਰਡਨ, ਨਵੀਂ ਦਿੱਲੀ-110027*

# ਦੋ ਗ਼ਜ਼ਲਾਂ

**ਸਦਾ ਅੰਬਾਲਵੀ**

## (i)

ਅਸੀਂ ਮੰਦਰ, ਮਸੀਤਾਂ, ਗੁਰਦੁਆਰੇ ਵੇਖ ਆਏ ਹਾਂ ।
ਨਾ ਮਿਲਿਆ ਰੱਬ, ਟਿਕਾਣੇ ਉਸਦੇ ਸਾਰੇ ਵੇਖ ਆਏ ਹਾਂ ।

ਮਿਲੇ ਵਿੱਚ ਰਹਿਣ ਵਾਲੇ ਸਭ, ਬੜ੍ਹੇ ਕਿਰਦਾਰ ਦੇ ਨੀਵੇਂ,
ਅਸੀਂ ਕੁਲ ਸ਼ਹਿਰ ਦੇ ਉੱਚੇ ਚੁਬਾਰੇ ਵੇਖ ਆਏ ਹਾਂ ।

ਤਿਰੀ ਮੁਸਕਾਨ ਏ ਕਲੀਏ, ਲੱਗੇ ਫਿੱਕੀ ਨਾ ਕਿਓਂ ਸਾਨੂੰ,
ਅਸੀਂ ਦਿਲਬਰ ਦੇ ਹਾਸੇ ਦੇ ਫੁਹਾਰੇ ਵੇਖ ਆਏ ਹਾਂ ।

ਤੁਸੀਂ ਲਾਂਦੇ ਹੋ ਲਾਰਾ ਸ਼ੈਖ ਸਾਹਿਬ ਜਿਹੜੀ ਜੰਨਤ ਦਾ,
ਅਸੀਂ ਮੈਖ਼ਾਨੇ ਵਿੱਚ ਉਸਦੇ ਨਜ਼ਾਰੇ ਵੇਖ ਆਏ ਹਾਂ ।

ਗਿਲੇ, ਸ਼ਿਕਵੇ, ਸ਼ਿਕਾਇਤ ਦੀ ਅਸਾਡੀ ਛੁੱਟ ਗਈ ਆਦਤ,
ਅਸੀਂ ਆਪਣੇ ਤੋਂ ਵੱਧ ਕਿਸਮਤ ਦੇ ਮਾਰੇ ਵੇਖ ਆਏ ਹਾਂ ।

ਸਦਾ ਡੁੱਬਣ ਤੋਂ ਡਰਦੇ ਹੀ ਰਹੇ ਬੱਸ ਏ 'ਸਦਾ' ਆਪਾਂ,
ਅਸੀਂ ਸਾਗਰ ਸੀ ਕੀ ਤਕਣਾ, ਕਿਨਾਰੇ ਵੇਖ ਆਏ ਹਾਂ ।

## (ii)

ਗ਼ਰਜ਼ਾਂ ਦੇ ਸੱਚਿਆਂ 'ਚ ਇਕ ਇਕ ਕਰ ਕੇ ਢਲ ਗਏ ।
ਸਾਰੇ ਅਸੂਲ ਲੋੜ ਮੁਤਾਬਿਕ ਬਦਲ ਗਏ ।

ਕਾਨੂੰਨ ਸਭ ਕਿਤਾਬਾਂ 'ਚ ਸੜ ਸੜ ਕੇ ਗਲ ਗਏ,
ਬਦਲੇ ਨਾ ਭਾਗ ਮਿਸਲਾਂ ਦੇ, ਮੁਨਸਿਫ਼ ਬਦਲ ਗਏ ।

ਕਿਸਮਤ ਦਾ ਬੱਸ ਹੈ ਦੋਸ਼, ਉਨ੍ਹਾਂ ਦਾ ਕਸੂਰ ਕੀ,
ਬਦਲੇ ਮਿਰੇ ਸਿਤਾਰੇ ਤਾਂ ਉਹ ਵੀ ਬਦਲ ਗਏ ।

ਕੁਝ ਖ਼ਾਬ ਰਹਿ ਗਏ ਨੇ, ਅਧੂਰੇ ਅਗਰ ਤਾਂ ਕੀ,
ਕਿੰਨ੍ਹੇ ਹੀ ਤੌਖਲੇ ਵੀ ਬਿਨ ਆਏ ਹੀ ਟਲ ਗਏ ।

ਤੁਰਨਾ ਜਿਨ੍ਹਾਂ ਨੇ ਸਿੱਖਿਆ ਸੀ ਉਂਗਲ ਤੇਰੀ ਪਕੜ,
ਖ਼ੁਸ਼ ਹੋ 'ਸਦਾ' ਕਿ ਤੈਥੋਂ ਨੇ ਅੱਗੇ ਨਿਕਲ ਗਏ ।

*87, ਨਿਊ ਮੋਤੀ ਬਾਗ, ਨਵੀਂ ਦਿੱਲੀ-110021*

**ਕਹਾਣੀ**

# ਪਛਤਾਵਾ

**ਮਨਮੋਹਨ ਕੌਰ**

ਸਰੂ ! ਜ਼ਰਾ ਇੱਕ ਚਾਹ ਦਾ ਕੱਪ ਦੇਈਂ...ਅਖ਼ਬਾਰ ਪੜ੍ਹਦੇ ਪੜ੍ਹਦੇ ਅਵਿਨਾਸ਼ ਨੇ ਉੱਚੀ ਸਾਰੀ ਅਵਾਜ਼ ਦਿੱਤੀ, ਕੁਰਸੀ ਤੋਂ ਉੱਠਦਿਆਂ...ਅਵਿਨਾਸ਼ ਨੇ ਕੰਧ ਤੇ ਟੰਗੀ ਕਲਾਕ ਵੱਲ ਨਜ਼ਰ ਕੀਤੀ...ਅੱਠ ਵੱਜ ਗਏ...ਦਫ਼ਤਰ ਜਾਣ ਦਾ ਸਮਾਂ ਵੀ ਹੋ ਰਿਹਾ ਹੈ।

ਉਹ ਅਖ਼ਬਾਰ ਬੈੱਡ 'ਤੇ ਸੁੱਟ ਖੜ੍ਹਾ ਹੋ ਗਿਆ। ਅੰਗੜਾਈ ਲੈਂਦਿਆਂ ਦਰਵਾਜ਼ੇ 'ਚ ਖੜ੍ਹੇ ਹੁੰਦਿਆਂ ਸਰੋਜ ਨੂੰ ਦੁਬਾਰਾ ਅਵਾਜ਼ ਦਿੱਤੀ।

"ਸਰੋਜ...ਸਰੋਜ...ਨਾਸ਼ਤਾ ਵੀ ਬਣਾ ਦੇ.."ਤੇ ਸਰੋਜ ਨਚੋੜੇ ਕੱਪੜਿਆਂ ਦੀ ਬਾਲਟੀ ਬਾਥਰੂਮ ਦੇ ਬਾਹਰ ਰੱਖ ਕੇ, ਗਿੱਲੇ ਕੱਪੜਿਆਂ ਨਾਲ ਹੀ ਰਸੋਈ ਵੱਲ ਆਈ...

"ਅੱਛਾ ਜੀ....ਦਸਾਂ ਮਿੰਟਾ 'ਚ ਬਣਾ ਦੇਨੀ ਆਂ।"

ਸਰੋਜ ਨੇ ਛੋਟੀ ਗੈਸ ਲਾਈਟਰ ਨਾਲ ਜਲਾ ਕੇ ਚਾਹ ਵਾਲੇ ਬਰਤਨ 'ਚ ਪਾਣੀ ਉੱਪਰ ਧਰਿਆ ਤੇ ਵੱਡੇ ਬਰਨਰ ਜਲਾ ਕੇ ਤਵਾ ਉੱਪਰ ਰੱਖ ਦਿੱਤਾ।

ਅਵਿਨਾਸ਼ ਨੇ ਫਿਰ ਉੱਚੀ ਸਾਰੀ ਅਵਾਜ਼ ਦਿੱਤੀ, "ਸਰੋਜ ! ਬਈ ਇੱਧਰ ਆਈਂ....ਬਾਬੀ ਨੇ ਸ਼ਾਇਦ ਪੋਟੀ ਕਰ ਦਿੱਤੀ ਹੈ।"

ਗੈਸ ਨੀਵੀ ਕਰ ਉਹ ਬਾਬੀ ਵੱਲ ਦੌੜੀ, ਬਾਬੀ ਨੂੰ ਵਾਸ਼ ਕਰਕੇ ਮੰਜੀ ਤੇ ਬਿਠਾਇਆ....ਤੇ ਫਿਰ ਹੱਥ ਧੋ ਕੇ ਰਸੋਈ ਵਿੱਚ ਆ ਗਈ।

ਉਸ ਨੇ ਝੱਟ ਪੱਟ ਚੀਨੀ ਅਤੇ ਚਾਹ ਪੱਤੀ ਪਾਈ ਤੇ ਪੇੜਾ ਵੇਲ ਕੇ ਫੁਲਕਾ ਤਵੇ 'ਤੇ ਪਾਇਆ ਹੀ ਸੀ ਕਿ ਰੋਜ਼ੀ ਨੇ ਰੋਣਾ ਸ਼ੁਰੂ ਕਰ ਦਿੱਤਾ...."ਮਾਮਾ, ਪਾਣੀ....ਮੇਰਾ ਦਿਲ ਖਰਾਬ ਹੁੰਦਾ ਏ....ਮਾਮਾ....ਮੇਰੇ ਕੋਲ ਬੈਠੋ।" ਰੋਜ਼ੀ ਨੂੰ ਕੱਲ੍ਹ ਦਾ ਬੁਖ਼ਾਰ ਚੜ੍ਹ ਰਿਹਾ ਸੀ ਤੇ ਇਸ ਕਾਰਨ ਦੋ ਦਿਨ ਤੋਂ ਸਕੂਲ ਨਹੀਂ ਜਾ ਰਹੀ ਸੀ..."ਮਾਮਾ ਉਲਟੀ ਹੁੰਦੀ ਹੈ...." ਉਹ ਫਿਰ ਚੀਕੀ....

ਸਰੋਜ ਨੇ ਅਵਿਨਾਸ਼ ਨੂੰ ਅਵਾਜ਼ ਦਿੱਤੀ...."ਦੇਖਣਾ ਜੀ....ਰੋਜ਼ੀ ਨੂੰ...." ਪਰ ਅਵਿਨਾਸ਼ ਨੇ ਟੀ. ਵੀ. ਆਨ ਕੀਤਾ ਤੇ ਮਸਤ ਹੋ ਕੇ ਖ਼ਬਰਾਂ ਸੁਣਨ ਲੱਗਾ ਤੇ ਉਸ ਨੇ ਸਰੋਜ ਦਾ ਕਿਹਾ ਅਣਸੁਣਿਆ ਕਰ ਦਿੱਤਾ।

"ਸਰੋਜ....ਬਈ....ਕਿੰਨੀ ਦੇਰ ਲਗਾਏਂਗੀ ਇੱਕ ਚਾਹ ਦੇ ਕੱਪ ਨੂੰ ? ਇੰਨੀ ਦੇਰ....

ਸਰੋਜ ਨੂੰ ਖਿੱਝ ਜਿਹੀ ਆ ਗਈ....ਉਹ ਮੂੰਹ 'ਚ ਬੁੜ-ਬੁੜ ਕਰਨ ਲੱਗੀ।

"ਇਹ ਮਰਦ ਲੋਕ ਜ਼ਰਾ ਨਹੀਂ Co-Operate ਕਰਦੇ। ਮੈਂ ਵੀ ਤਾਂ ਦਫ਼ਤਰ ਜਾਣਾ ਹੈ। ਮਜ਼ਾਲ ਕਿ ਨਾਲ ਕੋਈ ਮਦਦ ਕਰ ਦੇਣ ਬੱਸ ਟੀ. ਵੀ. ...ਅਖ਼ਬਾਰ ਟੀ. ਵੀ. ...ਅਖ਼ਬਾਰ ਟੀ. ਵੀ.।

ਇੰਨੇ 'ਚ ਬੀਜੀ ਨੇ ਗੁਰਦੁਆਰੇ ਨੂੰ ਜਾਂਦਿਆਂ ਰਸੋਈ ਵੱਲ ਝਾਤ ਮਾਰ ਕੇ ਸਰੋਜ ਨੂੰ ਅਵਾਜ਼ ਦਿੱਤੀ, "ਸਰੋਜ ਪੁੱਤ ! ਅਵਿਨਾਸ਼ ਨੂੰ ਦੁੱਧ 'ਚ ਪੱਤੀ ਪਾ ਦੇਈਂ, ਨਾਲ ਦੇਸੀ ਘਿਉ ਦਾ ਪਰੌਂਠਾ ਵੀ ਬਣਾ ਦੇਈਂ, ਦੂਸਰਾ ਘਿਉ ਨਾ ਲਗਾਈਂ....ਇਹ ਡਾਲਡੇ ਘਿਉ ਤਾਂ ਹੱਡਾਂ ਨੂੰ ਖਾ ਜਾਂਦੇ ਹਨ। ਸਾਰਾ ਦਿਨ ਦਫ਼ਤਰਾਂ 'ਚ ਮੱਥਾ ਮਾਰਦਾ ਹੈ।"

"ਬੀਜੀ....ਤੁਸੀਂ ਕਿਉਂ ਸਵੇਰੇ-ਸਵੇਰੇ ਬੋਲਣ ਡਹੇ ਹੋ..." ਬੀਜੀ ਦੀ ਗੱਲ ਨੇ ਸਰੋਜ ਦੀ ਖਿੱਝ ਵਿੱਚ ਵਾਧਾ ਕਰ ਦਿੱਤਾ ਸੀ। ਉਸ ਨੇ ਅਵਿਨਾਸ਼ 'ਤੇ ਆਏ ਗ਼ੁੱਸੇ ਨੂੰ ਬੀਜੀ 'ਤੇ ਨਿਕਾਲ ਦਿੱਤਾ।...ਉਸ ਨੇ ਆਪਣੀ ਗੱਲ ਜਾਰੀ ਰੱਖਦਿਆਂ ਫਿਰ ਕਿਹਾ..."ਪੁੱਤਰ ਨਾਲ ਇਨ੍ਹਾਂ ਹੇਰਵਾ ਹੈ ਤਾਂ ਤੁਸੀਂ ਖ਼ੁਦ ਹੀ ਬਣਾ ਲਓ...ਮੇਰੇ ਵੀ ਤਾਂ ਪਤੀ ਨੇ....ਮੈਨੂੰ ਪਤਾ ਹੈ, ਉਨ੍ਹਾਂ ਨੂੰ ਕੀ ਕੁਝ ਚਾਹੀਦਾ ਹੈ ਅਤੇ ਕੀ ਕੁਝ ਦੇਣਾ ਹੈ। ਤੁਸੀਂ ਆਪਣਾ ਰਾਮ ਨਾਮ ਜਪੋ....ਸਵੇਰ ਸਮੇਂ ਮਰਨ ਦੀ ਵਿਹਲ ਨਹੀਂ ਮਿਲਦੀ ਤੇ ਤੁਹਾਨੂੰ ਬੱਸ ਨਘੋਚਾ ਕੱਢਣ ਤੋਂ ਵਿਹਲ ਨਹੀਂ ਮਿਲਦੀ, ਮੈਂ ਵੀ ਤਾਂ ਆਖ਼ਿਰ ਆਫ਼ਿਸ ਜਾਣਾ ਹੈ।" ਮੈਂ ਗ਼ੁੱਸੇ 'ਚ ਪਤਾ ਨਹੀਂ ਕੀ ਕੀ ਕਹਿ ਗਈ....

ਅਵਿਨਾਸ਼ ਨੂੰ ਮੇਰੇ ਇੰਜ ਅਵਾ-ਤਵਾ ਬੋਲਣ 'ਤੇ ਕ੍ਰੋਧ ਆ ਗਿਆ...."ਚੁੱਪ ਕਰ....ਹੁਣ ਟੈਂ-ਟੈਂ ਕਰੀ ਜਾਵੇਂਗੀ।" ਮੈਂ ਨਾਸ਼ਤਾ ਬਣਾ ਕੇ ਮੇਜ਼ 'ਤੇ ਧਰਿਆ ਤਾਂ ਅਵਿਨਾਸ਼ ਨੇ ਪਲੇਟ ਪਰ੍ਹੇ ਖਿਸਕਾ ਦਿੱਤੀ ਤੇ ਗ਼ੁੱਸੇ 'ਚ ਆ ਕੇ ਬਿਨਾਂ ਕੁਝ ਖਾਧੇ-ਪੀਤੇ ਆਫ਼ਿਸ ਚਲਾ ਗਿਆ। ਮੈਂ ਵੀ ਅੱਖਾ 'ਚ ਅੱਥਰੂ ਲਈ ਰਸੋਈ ਤੋਂ ਬਾਹਰ ਆ ਗਈ, ਰੋਜ਼ੀ ਨੂੰ ਦਵਾਈ ਦੇ ਕੇ ਮੈਂ ਵੀ ਬੀਜੀ ਨੂੰ ਅਵਾਜ਼ ਦਿੱਤੇ ਬਿਨਾਂ ਆਫ਼ਿਸ ਵੱਲ ਚੱਲ ਪਈ, ਜੋ ਕਿ ਬਾਲਟੀ 'ਚ ਪਏ ਕੱਪੜੇ ਤਾਰ 'ਤੇ ਖਿਲਾਰ ਰਹੇ ਸਨ।

ਸਵੇਰ ਦੇ ਤਣਾਉ ਕਾਰਨ ਮੇਰੇ ਸਿਰ 'ਚ ਦਰਦ ਹੋਣ ਲੱਗਾ....ਮੈਂ ਅੱਧੇ ਦਿਨ ਦੀ ਛੁੱਟੀ ਰੱਖ ਘਰ ਵੱਲ ਤੁਰ ਪਈ। ਬਜ਼ਾਰ

'ਚ ਪਹੁੰਚ ਕੇ ਸੇਬਾਂ ਵਾਲੀ ਰੇੜ੍ਹੀ ਨੂੰ ਦੇਖ ਕੇ ਰੁਕ ਗਈ, ਸੋਚਿਆ ਰੋਜ਼ੀ ਲਈ ਸੇਬ ਲੈ ਲਵਾਂ....ਮੈਂ ਸੇਬ ਲੈ ਕੇ ਵਾਪਿਸ ਮੁੜਨ ਹੀ ਲੱਗੀ ਸਾਂ ਕਿ ਰੇੜ੍ਹੀ ਕੋਲ ਖੜ੍ਹੀ ਔਰਤ ਨੇ ਮੈਨੂੰ ਅਵਾਜ਼ ਦਿੱਤੀ...

"ਮੈਡਮ ਪਲੀਜ਼....ਦੋ ਮਿੰਟ ਮੇਰਾ ਇੱਕ ਕੰਮ ਕਰਨਾਂ....ਹੈ ਤੇ ਤੁਹਾਨੂੰ ਤਕਲੀਫ਼..." ਮੈਂ ਹੈਰਾਨੀ ਨਾਲ ਅਨਜਾਣ ਔਰਤ ਦੇ ਮੂੰਹ ਵੱਲ ਦੇਖਣ ਲੱਗ ਗਈ ਕਿ ਉਹ ਕੀ ਕਹਿਣਾ ਚਾਹੁੰਦੀ ਹੈ।

"ਮੈਡਮ....ਉਹ ਸਾਹਮਣੇ ਕਰੱਚ ਹੈ....ਇਹ ਦੋ ਸੇਬ ਕਰੱਚ ਦੀ ਮੈਡਮ ਨੂੰ ਪਕੜਾ ਦੇਣਾ....ਰੂਬੀ ਨੂੰ ਖਵਾ ਦੇਣ...ਬੱਸ...ਧਿਆਨ ਰੱਖਣਾ...ਮੰਮੀ ਲਫ਼ਜ਼ ਨਾ ਕਹਿਣਾ ਨਹੀਂ ਤਾਂ ਉਹ ਰੋਣਾ ਸ਼ੁਰੂ ਕਰ ਦੇਵੇਗੀ।"

ਮੈਂ ਅਣਮੰਨੇ ਮਨ ਨਾਲ ਉਸ ਦੇ ਹੱਥੋਂ ਸੇਬ ਫੜ ਕੇ ਕਰੱਚ ਵੱਲ ਤੁਰ ਪਈ। ਕਰੱਚ ਪਹੁੰਚ ਕੇ ਮੈਂ ਮੈਡਮ ਨੂੰ ਸੇਬ ਫੜਾਉਦਿਆਂ ਸਹਿਜ਼ ਸੁਭਾ ਹੌਲੀ ਦੇ ਕੇ ਕਿਹਾ, "ਰੂਬੀ ਦੀ ਮੰਮੀ ਨੇ ਦਿੱਤੇ ਨੇ...ਉਸ ਨੂੰ ਖੁਵਾ ਦੇਣਾ...ਪਤਾ ਨਹੀਂ ਇਹ ਲਫ਼ਜ਼ ਬੱਚੇ ਦੇ ਕੰਨ 'ਚ ਕਿਵੇ ਪੈ ਗਏ। ਉਸ ਨੇ 'ਮਾਮਾ ਮਾਮਾ ਕਹਿ ਕੇ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿੱਤਾ...ਉਸ ਬੱਚੇ ਨੂੰ ਰੋਂਦਾ ਦੇਖ ਕੇ ਕਰੱਚ ਦੇ ਬਾਕੀ ਬੱਚਿਆਂ ਨੇ ਵੀ ਰੋਣਾ ਸ਼ੁਰੂ ਕਰ ਦਿੱਤਾ...ਰੂਬੀ ਮੇਰੇ ਕੋਲ ਆ ਕੇ ਖੜ੍ਹੀ ਹੋ ਗਈ...ਮੇਰੀ ਸਲਵਾਰ ਖਿੱਚਦਿਆਂ ਮੈਨੂੰ ਬਾਹਰ ਵੱਲ ਖਿੱਚਣ ਲੱਗੀ...ਉਸ ਦੀਆਂ ਗੋਲ-ਮਟੋਲ ਅੱਖਾਂ 'ਚ ਜਿਵੇਂ ਹੰਝੂਆਂ ਦੀ ਬਾਰਿਸ਼ ਹੋ ਰਹੀ ਸੀ..."ਮਾਮਾ-ਮਾਮਾ ਕੋਲ ਜਾਣਾ ਹੈ।"

ਬੱਚਿਆਂ ਦੇ ਰੁਦਨ ਨਾਲ ਮੇਰਾ ਮਨ ਵੀ ਫਿਸ ਪਿਆ। ਇੰਨੇ 'ਚ ਮੈਡਮ ਨੇ ਮੈਨੂੰ ਬੇਨਤੀ ਕੀਤੀ ਬੱਚੇ ਤੁਹਾਨੂੰ ਦੇਖ ਕੇ ਰੋਂਦੇ ਹੀ ਰਹਿਣਗੇ। ਪਲੀਜ਼ ਤੁਸੀਂ ਇੱਥੋ ਚੱਲੇ ਜਾਉ....ਮੈਂ ਭਰੇ ਮਨ ਨਾਲ ਰੂਬੀ ਨੂੰ ਪੁਚਕਾਰਦੇ ਹੋਏ ਬਾਹਰ ਨਿਕਲ ਆਈ। ਬੱਚਿਆਂ ਪ੍ਰਤੀ ਮੋਹ ਨਾਲ ਮਨ ਜਿਹਾ ਭਰ ਆਇਆ। ਮੈਂ ਆਪਣੇ ਮਨ 'ਚ ਹੀ ਬੁਦਬੁਦਾਉਣ ਲੱਗੀ।

"ਕੀ ਲੋੜ ਪਈ ਹੈ, ਔਰਤਾਂ ਨੂੰ ਸਰਵਿਸ ਕਰਨ ਦੀ। ਘਰ ਬੈਠਣ-ਬੱਚਿਆਂ ਦੀ ਖ਼ੁਦ ਪਰਵਰਿਸ਼ ਕਰਨ....ਸਾਡੀਆਂ ਮਾਵਾਂ ਨੇ ਵੀ ਤਾਂ ਬਿਨਾਂ ਸਰਵਿਸ ਦੇ ਘਰ-ਗ੍ਰਹਿਸਥੀ ਚਲਾਈ ਹੈ," ਮੈਂ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ।

ਮੈਂ ਆਪਣੇ ਬੱਚਿਆਂ ਬਾਰੇ ਸੋਚਣ ਲੱਗੀ। ਬੀਜੀ ਕਾਰਨ ਮੇਰੇ ਬੱਚਿਆਂ ਦਾ ਪਾਲਣ-ਪੋਸ਼ਣ ਠੀਕ ਢੰਗ ਨਾਲ ਹੋ ਰਿਹਾ ਹੈ, ਨਹੀਂ ਤਾਂ ਬੀਜੀ ਤੋਂ ਬਿਨਾਂ, ਮੈਨੂੰ ਵੀ ਕਰੱਚ ਦੇ ਚੱਕਰ ਲਗਾਉਂਦੇ ਪੈਂਦੇ ਮੇਰੇ ਤੋਂ ਤਾਂ ਬੱਚਿਆਂ ਦਾ ਇੰਝ ਰੋਣਾ ਬਰਦਾਸ਼ਤ ਹੀ ਨਹੀਂ ਹੋਣਾ ਸੀ।

ਮੈਨੂੰ ਯਾਦ ਆਇਆ! ਕਿ ਰੋਜ਼ੀ ਨੇ ਨਿੱਕੇ ਹੁੰਦਿਆਂ ਆਪਣੇ ਨਹੁੰਆ ਨਾਲ ਮਾੜੀ ਜਿਹੀ ਨਹੁੰਦਰ ਮੂੰਹ ਤੇ ਮਾਰ ਲਈ ਸੀ ਤਾਂ ਉਸ ਦੇ ਚਿਹਰੇ ਤੇ ਖ਼ੂਨ ਦੇਖ ਕੇ ਮੇਰਾ ਸਾਹ ਉੱਪਰ-ਹੇਠਾਂ ਹੋ ਗਿਆ ਸੀ ਤੇ ਰੋਜ਼ੀ ਨੂੰ ਜਦੋਂ ਸਕੂਲ ਦਾਖ਼ਲ ਕਰਵਾਇਆ ਸੀ ਤਾਂ ਪਹਿਲੇ ਦਿਨ ਉਹ ਮੇਰੇ ਹੱਥਾਂ ਨੂੰ ਨਹੀਂ ਛੱਡਦੀ ਸੀ, ਬੜੀ ਮੁਸ਼ਕਿਲ ਨਾਲ ਉਸ ਨੂੰ ਕਲਾਸ ਵਿੱਚ ਮੈਡਮ ਦੇ ਸਪੁਰਦ ਕੀਤਾ ਸੀ, ਪਰ ਉਸ ਨੇ 'ਮਾਮਾ...ਮਾਮਾ...' ਕਹਿਣਾ ਅਜੇ ਵੀ ਬੰਦ ਨਹੀਂ ਕੀਤਾ ਸੀ। ਜਦੋਂ ਕਿ ਬਾਕੀ ਸਾਰੇ ਬੱਚੇ ਚੁੱਪ ਹੋ ਗਏ ਸਨ...'ਮੇਰੀ ਮਾਮਾ...ਮੰਮੀ ਕੋਲ ਜਾਣਾ ਹੈ', ਦੀਆਂ ਅਵਾਜਾਂ ਮੈਨੂੰ ਬਾਹਰ ਖੜ੍ਹੀ ਨੂੰ ਰੁਆ ਰਹੀਆਂ ਸਨ। ਮੈਂ ਖਿੜਕੀ ਚੋਂ ਰੋਂਦੀ ਬੇਟੀ ਨੂੰ ਦੇਖਣ ਲਈ ਅਗਾਂਹ ਵਧੀ ਤਾਂ ਪ੍ਰਿੰਸੀਪਲ ਮੇਰੇ ਪਿੱਛੇ ਆ ਕੇ ਖੜ੍ਹੀ ਹੋ ਗਈ।

"ਮੈਡਮ ਪਲੀਜ! ਇੰਜ਼ ਨਾ ਕਰੋ....ਤੁਸੀਂ ਲੋਕ....ਬਹੁਤ ਪਰੇਸ਼ਾਨ ਕਰਦੇ ਹੋ। ਤੁਹਾਨੂੰ ਦੇਖ ਕੇ ਉਹ ਹੋਰ ਰੋਏਗੀ....ਮੈਂ ਪ੍ਰਿੰਸੀਪਲ ਮੈਡਮ ਨੂੰ ਕੋਲ ਖੜ੍ਹਾ ਦੇਖ ਕੇ ਧਾਹਾਂ ਮਾਰ ਕੇ ਰੋਣ ਲੱਗੀ। "ਪਲੀਜ ਮੇਰੀ ਬੇਟੀ ਨੂੰ ਚੁੱਪ ਕਰਾਉ....ਮੇਰੇ ਤੋਂ ਉਸ ਦਾ ਰੋਣਾ ਬਰਦਾਸ਼ਤ ਨਹੀਂ ਹੋ ਰਿਹਾ ਪਲੀਜ਼ ਮੈਡਮ...." ਮੈਂ ਪ੍ਰਿੰਸੀਪਲ ਦੇ ਹੱਥ ਫੜ੍ਹ ਲਏ...."ਰੋਜ਼ੀ ਨੂੰ ਚੁੱਪ ਕਰਵਾਉ।"

ਪ੍ਰਿੰਸੀਪਲ ਨੇ ਮੇਰੇ ਤੋਂ ਹੱਥ ਛੁਡਾਉਂਦੇ ਹੋਏ ਘੂਰਦੀ ਹੋਈ ਸਖ਼ਤੀ ਨਾਲ ਬੋਲੀ...."ਕਮਾਲ....ਹੈ....ਮੈਡਮ.... ਤੁਹਾਨੂੰ ਚੁੱਪ ਕਰਾਈਏ ਜਾਂ ਤੁਹਾਡੀ ਬੇਟੀ ਨੂੰ ਵੀ...."

ਪੁਰਾਣੀਆਂ ਗੱਲਾਂ ਸੋਚ ਕੇ ਮੇਰੀਆਂ ਅੱਖਾਂ 'ਚ ਹੁਣ ਵੀ ਹੰਝੂ ਆ ਗਏ....ਮੈਂ ਕਦੋਂ ਸਕੂਟਰ ਸਟਾਰਟ ਕੀਤਾ ਸੀ, ਮੈਨੂੰ ਯਾਦ ਨਹੀਂ, ਮੈਂ ਘਰ ਪਹੁੰਚਣ ਤੱਕ ਬੀਜੀ ਬਾਰੇ ਸੋਚਣ ਲੱਗ ਗਈ ਸਾਂ....

ਮੈਂ ਐਵੇਂ ਹੀ ਬੀਜੀ ਨਾਲ ਸਵੇਰੇ ਬੋਲ ਪਈ ਵਿਚਾਰੇ! ਕਿੰਨਾ ਧਿਆਨ ਰੱਖਦੇ ਨੇ ਬੱਚਿਆਂ ਦਾ, ਚਾਹੇ ਉਨ੍ਹਾਂ ਨੂੰ ਕਈ ਤਰ੍ਹਾਂ ਤਕਲੀਫ਼ਾ ਲੱਗੀਆਂ ਹਨ, ਗੋਡਿਆਂ ਦੀ ਵੀ ਤਕਲੀਫ਼ ਰਹਿੰਦੀ ਹੈ। ਪਰ ਫਿਰ ਵੀ ਮੇਰੇ ਨਾਲ ਅਤੇ ਮੇਰੇ ਪਿੱਛੋਂ ਵੀ ਘਰ ਦੇ ਕੰਮ-ਕਾਰ ਕਰਦੇ ਰਹਿੰਦੇ ਹਨ। ਬੱਚਿਆਂ ਨੂੰ ਤਾਂ ਸਾਂਭਦੇ ਹੀ ਨੇ....ਮੇਰੇ ਘਰ ਪਹੁੰਚਣ ਤੋਂ ਪਹਿਲਾਂ ਘਰ ਦੀ ਸਾਂਭ-ਸੰਭਾਲ ਵੀ ਕੀਤੀ ਹੁੰਦੀ ਹੈ। ਸ਼ਾਮ ਦੇ ਖਾਣੇ ਲਈ ਸਬਜ਼ੀ ਕੱਟ ਕੇ, ਆਟਾ ਗੁੰਨ੍ਹ ਕੇ ਰੱਖਿਆ ਹੁੰਦਾ ਸੀ ਅਤੇ ਧੋੜੇ ਕੱਪੜੇ ਤਹਿ ਲਗਾ ਕੇ ਰੱਖੇ ਹੁੰਦੇ ਸਨ। ਇੰਨੀ ਚੰਗੀ ਸੱਸ ਨਾਲ ਮੈਂ ਕਿਉ ਔਖੇ ਹੋ ਕੇ ਬੋਲੀ....ਉਹ ਵੀ ਤਾਂ ਮਾਂ ਹੈ, ਉਨ੍ਹਾਂ ਦੀਆਂ ਵੀ ਆਪਣੇ ਪੁੱਤਰ ਬਾਰੇ ਆਪਣੀ ਭਾਵਨਾਵਾਂ ਹਨ, ਆਪਣੇ ਜਜ਼ਬਾਤ ਹਨ, ਕੀ ਹੋਇਆ ਜੇ ਪਿਆਰ ਨਾਲ ਅਵਿਨਾਸ਼ ਲਈ ਕਹਿ ਦਿੱਤਾ ਸੀ, ਮੇਰਾ ਮਨ ਸਵੇਰੇ ਦੀ ਬੋਲ-ਚਾਲ ਨਾਲ ਗਲਿਆਣੀ ਨਾਲ ਭਰ ਗਿਆ।

**(ਬਾਕੀ ਸਫ਼ਾ 7 ਉੱਤੇ)**

<u>*ਬਾਲ ਕਹਾਣੀ*</u>

# ਤੂੰ ਜਿੱਤ ਗਿਐਂ

**ਦਰਸ਼ਨ ਸਿੰਘ ਆਸ਼ਟ (ਡਾ.)**

ਜਸਲੀਨ ਸਕੂਲ ਜਾ ਰਿਹਾ ਸੀ। ਰਸਤੇ 'ਚ ਇੱਕ ਉਜਾੜ ਜਿਹੇ ਘਰ 'ਚੋਂ ਚਊਂ-ਚਊਂ ਦੀਆਂ ਅਵਾਜ਼ਾਂ ਉਸ ਦੇ ਕੰਨੀਂ ਪਈਆਂ। ਉਹ ਉੱਥੇ ਹੀ ਰੁਕ ਗਿਆ। ਉਹ ਉਸ ਘਰ ਅੰਦਰ ਵੜਿਆ ਤਾਂ ਦੇਖਿਆ, ਇੱਕ ਕੁੱਤੀ ਆਪਣੇ ਕਤੂਰਿਆਂ ਨੂੰ ਦੁੱਧ ਚੁੰਘਾ ਰਹੀ ਸੀ। ਕੁੱਤੀ ਨੇ ਜਸਲੀਨ ਨੂੰ ਆਪਣੇ ਵੱਲ ਆਉਂਦੇ ਦੇਖਿਆ ਤਾਂ ਦੰਦ ਕੱਢ ਕੇ ਉਸ ਨੂੰ ਡਰਾਉਣ ਲੱਗੀ। ਡਰਦੇ ਮਾਰੇ ਜਸਲੀਨ ਫੌਰਨ ਵਾਪਸ ਆ ਗਿਆ ਤੇ ਸਕੂਲ ਚਲਾ ਗਿਆ।

ਸਕੂਲ 'ਚ ਅੱਧੀ ਛੁੱਟੀ ਵੇਲੇ ਜਸਲੀਨ ਆਪਣੇ ਦੋਸਤ ਹੈਰੀ ਨੂੰ ਕਹਿਣ ਲੱਗਾ, "ਮੇਰੇ ਨਾਲ ਚੱਲੀਂ। ਰਾਹ 'ਚ ਤੈਨੂੰ ਕੁਝ ਦਿਖਾਵਾਂਗਾ।"

"ਕੀ ਦਿਖਾਏਂਗਾ ?" ਹੈਰੀ ਨੇ ਉਤਸੁਕਤਾ ਨਾਲ ਪੁੱਛਿਆ।

ਜਸਲੀਨ ਨੇ ਕਿਹਾ, " ਅਜੇ ਨਹੀਂ ਦੱਸਦਾ।"

ਛੁੱਟੀ ਹੋਈ। ਦੋਵੇਂ ਦੋਸਤ ਘਰ ਨੂੰ ਆਉਣ ਲੱਗੇ। ਹੈਰੀ ਦੇ ਮਨ 'ਚ ਉਥਲ-ਪੁਥਲ ਚੱਲ ਰਹੀ ਸੀ। ਉਹ ਸੋਚ ਰਿਹਾ ਸੀ ਪਤਾ ਨਹੀਂ ਹੈਰੀ ਉਸ ਨੂੰ ਕੀ ਵਿਖਾਵੇਗਾ ?

"ਆ ਜਾ ਮੇਰੀ ਪਿੱਛੇ। ਪਰ ਜ਼ਰਾ ਬਚ ਕੇ।" ਜਸਲੀਨ ਨੇ ਹੈਰੀ ਨੂੰ ਆਪਣੇ ਪਿੱਛੇ-ਪਿੱਛੇ ਆਉਣ ਦਾ ਇਸ਼ਾਰਾ ਕੀਤਾ।

ਜਸਲੀਨ ਹੌਲੀ-ਹੌਲੀ ਅੱਗੇ ਵੱਧ ਰਿਹਾ ਸੀ। ਉਹਨੇ ਦੇਖਿਆ, "ਕੁੱਤੀ ਆਪਣੇ ਕਤੂਰਿਆਂ ਕੋਲ ਨਹੀਂ ਸੀ। ਹੁਣ ਉਸ ਦਾ ਡਰ ਦੂਰ ਹੋ ਗਿਆ।"

ਜਸਲੀਨ ਵਾਰੀ ਵਾਰੀ ਕਤੂਰਿਆਂ ਨੂੰ ਚੁੱਕ ਕੇ ਹੈਰੀ ਨੂੰ ਵਿਖਾਉਣ ਲੱਗਾ, "ਆਹ ਵੇਖ ! ਕਿੰਨੇ ਪਿਆਰੇ-ਪਿਆਰੇ ਨੇ। ਆਹ ਚਿੱਟਾ, ਆਹ ਕਾਲੇ ਰੰਗ ਦਾ ਤੇ ਆਹ ਦੇਖ ਡੱਬ-ਖੜੱਬਾ।"

"ਵਾਹ ! ਇਹ ਤਾਂ ਸੱਚੀਂ ਬਹੁਤ ਪਿਆਰੇ ਤੇ ਸੋਹਣੇ ਕਤੂਰੇ ਨੇ। ਰੂੰ ਵਰਗੇ ਮੁਲਾਇਮ ਪਏ ਨੇ। ਮੈਂ ਤਾਂ ਚਿੱਟਾ ਕਤੂਰਾ ਲੈ ਕੇ ਜਾਵਾਂਗਾ।" ਹੈਰੀ ਨੇ ਚਿੱਟੇ ਕਤੂਰੇ ਨੂੰ ਹੱਥਾਂ ਨਾਲ ਪਲੋਸਦੇ ਹੋਏ ਕਿਹਾ।

"ਤੇ ਆਹ ਮੇਰਾ।" ਜਸਲੀਨ ਨੇ ਕਾਲੇ ਰੰਗ ਦੇ ਕਤੂਰੇ ਨੂੰ ਪਲੋਸਦੇ ਹੋਏ ਕਿਹਾ, "ਓਏ ਜਲਦੀ ਕਰ। ਇਨ੍ਹਾਂ ਦੀ ਮਾਂ ਆ ਗਈ ਤਾਂ ਨਾਨੀ ਯਾਦ ਕਰਾ ਦਊਗੀ। ਚੱਲ ਛੇਤੀ ਕਰ।"

ਅਜੇ ਕਤੂਰਿਆਂ ਦੀਆਂ ਅੱਖਾਂ ਨਹੀਂ ਸੀ ਖੁੱਲ੍ਹੀਆਂ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਕਤੂਰਿਆਂ ਦੀਆਂ ਅੱਖਾਂ ਖੋਲ੍ਹਣ ਤੋਂ ਬਾਅਦ ਹੀ ਉਨ੍ਹਾਂ ਨੂੰ ਘਰ ਲੈ ਕੇ ਜਾਣਗੇ।

ਕੁਝ ਦਿਨਾਂ ਬਾਅਦ ਜਸਲੀਨ ਤੇ ਹੈਰੀ ਚਿੱਟੇ ਤੇ ਕਾਲੇ ਕਤੂਰਿਆਂ ਨੂੰ ਚੁੱਕ ਕੇ ਆਪਣੇ ਆਪਣੇ ਘਰ ਲੈ ਆਏ।

ਜਸਲੀਨ ਨੇ ਆਪਣੇ ਕਤੂਰੇ ਦਾ ਨਾਮ ਗੋਲੂ ਰੱਖ ਲਿਆ ਅਤੇ ਹੈਰੀ ਨੇ ਮੋਲੂ।

ਗੋਲੂ-ਮੋਲੂ ਵੱਡੇ ਹੋਣ ਲੱਗੇ। ਜਸਲੀਨ ਤੇ ਹੈਰੀ ਵਿਹਲੇ ਸਮੇਂ 'ਚ ਉਨ੍ਹਾਂ ਨੂੰ ਬਾਹਰ ਘੁੰਮਾਉਣ ਲਈ ਲੈ ਜਾਂਦੇ। ਉਨ੍ਹਾਂ ਨਾਲ ਹੋਰ ਸਾਥੀ ਆ ਰਲਦੇ।

ਇਕ ਦਿਨ ਜਸਲੀਨ ਨੇ ਹੈਰੀ ਨੂੰ ਕਿਹਾ, "ਤੇਰਾ ਮੋਲੂ ਤਾਂ ਬੜਾ ਕਮਜ਼ੋਰ ਹੁੰਦਾ ਜਾ ਰਿਹੈ। ਇਹਨੂੰ ਦੁੱਧ ਵਗੈਰਾ ਵੀ ਪਿਆਉਨੈਂ ਜਾਂ ਚਾਹ ਨਾਲ ਹੀ ਸਾਰੀ ਜਾਨੈਂ।"

ਇਹ ਸੁਣ ਕੇ ਹੈਰੀ ਭੜਕ ਪਿਆ, "ਫੇਰ ਮੁਕਾਬਲਾ ਕਰਵਾ ਦੇ ਦੇਖ ਲੈ ਜੇ ਹਿੰਮਤ ਹੈ ਤੇਰੇ ਗੋਲੂ 'ਚ ?"

"ਅੱਛਿਆ ! ਜੇ ਮੇਰੇ ਮੋਲੂ ਨੇ ਤੇਰਾ ਗੋਲੂ ਨੋਚ ਨਾ ਦਿੱਤਾ ਤਾਂ ਆਖੀਂ, ਸਮਝਿਆ ?"

"ਫੇਰ ਹੋ ਜਾਵੇ ਮੁਕਾਬਲਾ ਹੁਣੇ ?"

"ਹੋ ਜਾਏ...।"

ਤੇ ਦੇਖਦੇ ਹੀ ਦੇਖਦੇ ਜਸਲੀਨ ਤੇ ਹੈਰੀ ਨੇ ਆਪਣੇ ਆਪਣੇ ਕਤੂਰਿਆਂ ਨੂੰ ਆਪਸ 'ਚ ਲੜਾਉਣਾ ਸ਼ੁਰੂ ਕਰ ਦਿੱਤਾ।

ਪਹਿਲਾਂ ਤਾਂ ਦੋਵੇਂ ਕਤੂਰੇ ਆਪਸ 'ਚ ਲੜ੍ਹਨ ਤੋਂ ਕਤਰਾਉਂਦੇ ਰਹੇ ਪਰ ਜਦੋਂ ਜਸਲੀਨ ਤੇ ਹੈਰੀ ਨੇ ਦੋਵਾਂ ਕਤੂਰਿਆਂ ਨੂੰ ਆਪਸ 'ਚ ਟਕਰਾ ਕੇ ਉਨ੍ਹਾਂ ਨੂੰ ਲੜ੍ਹਨ ਲਈ ਉਕਸਾਇਆ ਤਾਂ ਦੋਵੇਂ ਆਪਸ 'ਚ ਇਕ ਦੂਜੇ ਨੂੰ ਦੰਦ ਦਿਖਾਉਂਦੇ ਹੋਏ ਭੌਂਕਣ ਲੱਗੇ ਤੇ ਪਲਾਂ 'ਚ ਹੀ ਇੱਕ ਦੂਸਰੇ 'ਤੇ ਦੰਦਾਂ ਅਤੇ ਤੇਜ਼ ਨਹੁੰਦਰਾਂ ਨਾਲ ਵਾਰ ਕਰਨ ਲੱਗੇ। ਭਾਵੇਂ ਉਨ੍ਹਾਂ ਦੋਵਾਂ ਦੇ ਸਰੀਰਾਂ 'ਤੇ ਜ਼ਖ਼ਮ ਹੋ ਚੁੱਕੇ ਸਨ ਪਰ ਫਿਰ ਵੀ ਉਹ ਇੱਕ ਦੂਜੇ ਤੋਂ ਹਾਰ ਨਹੀਂ ਮੰਨ ਰਹੇ ਸਨ। ਕਦੇ ਗੋਲੂ ਮੋਲੂ ਨੂੰ ਢਾਹ ਲੈਂਦਾ ਤੇ ਕਦੇ ਮੋਲੂ ਗੋਲੂ ਨੂੰ।

ਉੱਥੋਂ ਲੰਘ ਰਹੇ ਇੱਕ ਬਜ਼ੁਰਗ ਨੇ ਉਨ੍ਹਾਂ ਨੂੰ ਝਿੜਕਿਆ ਤਾਂ ਉਹ ਆਪਣੇ-ਆਪਣੇ ਕਤੂਰੇ ਨੂੰ ਲੈ ਕੇ ਘਰਾਂ ਨੂੰ ਚਲੇ ਗਏ।

ਅਗਲੇ ਦਿਨ ਜਸਲੀਨ ਤੇ ਹੈਰੀ ਸਕੂਲ 'ਚ ਮਿਲੇ ਤੇ ਇੱਕ ਦੂਜੇ 'ਤੇ ਰੋਹਬ ਝਾੜਨ ਲੱਗੇ ਕਿ ਉਹਦਾ ਕਤੂਰਾ ਤਕੜਾ ਸੀ ਤੇ ਉਸ ਦਾ ਕਮਜ਼ੋਰ।

ਦੋ ਦਿਨ ਬਾਅਦ ਜਸਲੀਨ ਨੇ ਕਿਹਾ, "ਕੱਲ੍ਹ ਸ਼ਨੀਵਾਰ ਹੈ। ਸਕੂਲ ਤੋਂ ਜਲਦੀ ਛੁੱਟੀ ਹੋ ਜਾਵੇਗੀ। ਕੱਲ੍ਹ ਨੂੰ ਫੇਰ ਦੋਵਾਂ ਦਾ ਮੁਕਾਬਲਾ ਕਰਵਾਵਾਂਗੇ। ਦੇਖਦਿਆਂ ਕੌਣ ਜਿੱਤਦੈ ? ਜੋ ਜਿੱਤੂ ਉਹੀ ਸਿਕੰਦਰ ਕਹਾਊਗਾ। ਬੋਲ ਮਨਜ਼ੂਰ ਐ ?"

ਹੈਰੀ ਨੇ ਉਸੇ ਸਮੇਂ ਹਾਂ ਕਰ ਦਿੱਤੀ।

ਸ਼ਨੀਵਾਰ ਦਾ ਦਿਨ ਵੀ ਆ ਗਿਆ। ਦੋਵਾਂ ਨੇ ਤੈਅ ਕੀਤੀ ਥਾਂ 'ਤੇ ਆਪਣੇ ਆਪਣੇ ਕਤੂਰੇ ਲਿਆ ਕੇ ਉਨ੍ਹਾਂ ਦਾ ਮੁਕਾਬਲਾ ਕਰਵਾਉਣਾ ਸੀ।

ਮੰਮੀ ਨੇ ਹੈਰੀ ਨੂੰ ਬਜ਼ਾਰੋਂ ਕੁਝ ਸਮਾਨ ਲੈਣ ਲਈ ਭੇਜਿਆ। ਜਦੋਂ ਉਹ ਵਾਪਸ ਘਰ ਆਇਆ ਤਾਂ ਇਹ ਦ੍ਰਿਸ਼ ਦੇਖ ਕੇ ਉਸ ਦਾ ਮਨ ਪਸੀਜ ਗਿਆ ਕਿ ਕੁੱਤੀ ਉਨ੍ਹਾਂ ਦੇ ਘਰ ਦੇ ਵਿਹੜੇ 'ਚ ਆ ਕੇ ਗੋਲੂ ਦੇ ਜ਼ਖ਼ਮ ਚੱਟ ਰਹੀ ਸੀ।

ਹੈਰੀ ਉਸ ਦੇ ਕੋਲ ਆਇਆ ਤਾਂ ਕੁੱਤੀ ਉਹਦੇ ਵੱਲ ਵੇਖਣ ਲੱਗੀ। ਉਸ ਨੂੰ ਲੱਗਿਆ ਜਿਵੇਂ ਕੁੱਤੀ ਉਸ ਨੂੰ ਪੁੱਛ ਰਹੀ ਹੋਵੇ, "ਕੀ ਮਾਸੂਮ ਜੀਵਾਂ ਪ੍ਰਤਿ ਅਜਿਹੇ ਵਤੀਰੇ ਨੂੰ ਪਾਲਣਾ ਕਹਿੰਦੇ ਨੇ ?"

ਹੈਰੀ ਰਸੋਈ 'ਚ ਗਿਆ। ਕੁੱਤੀ ਅਤੇ ਗੋਲੂ ਲਈ ਦੁੱਧ ਲੈ ਆਇਆ। ਫੇਰ ਉਹ ਗੋਲੂ ਨੂੰ ਚੁੱਕ ਕੇ ਉੱਥੇ ਲੈ ਆਇਆ ਜਿੱਥੇ ਜਸਲੀਨ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਜਸਲੀਨ ਨੇ ਹੈਰੀ ਨੂੰ ਨੇੜੇ ਆਉਂਦਾ ਦੇਖ ਕੇ ਆਪਣੇ ਗੋਲੂ ਨੂੰ ਥਾਪੀ ਦਿੰਦੇ ਹੋਏ ਕਿਹਾ, "ਅੱਜ ਦੇਖਦੇ ਆਂ ਕੌਣ ਜਿੱਤ ਕੇ ਸਿਕੰਦਰ ਕਹਾਉਂਦੈ ?"

"ਮੈਂ ਅੱਜ ਤੋਂ ਆਪਣੇ ਗੋਲੂ ਨੂੰ ਮੋਲੂ ਨਾਲ ਕਦੇ ਨਹੀਂ ਲੜਾਉਣਾ। ਅੱਜ ਮੈਂ ਇਸ ਦੀ ਮਾਂ ਦੀਆਂ ਅੱਖਾਂ ਦਾ ਸਾਹਮਣਾ ਨਹੀਂ ਕਰ ਸਕਿਆ। ਮੈਨੂੰ ਲੱਗਿਆ ਜਿਵੇਂ ਆਪਾਂ ਨੇ ਦੋਵਾਂ ਮਾਸੂਮ ਭਰਾਵਾਂ ਨੂੰ ਆਪਸ 'ਚ ਲੜਾ ਕੇ ਪਾਪ ਕੀਤੈ। ਰਹੀ ਬਾਤ ਸ਼ਰਤ ਦੀ। ਮੈਂ ਤੇਰੇ ਕੋਲੋਂ ਆਪਣੀ ਹਾਰ ਮੰਨਦਾ ਹਾਂ।"

ਇਹ ਸੁਣ ਕੇ ਜਸਲੀਨ ਬਹੁਤ ਸ਼ਰਮਿੰਦਾ ਹੋਇਆ ਤੇ ਬੋਲਿਆ, "ਹੈਰੀ, ਮੈਂ ਵੀ ਬਹੁਤ ਸ਼ਰਮਿੰਦਾ ਹਾਂ। ਮੇਰਾ ਗੋਲੂ ਵੀ ਆਪਣੇ ਜ਼ਖ਼ਮਾਂ ਦੇ ਕਾਰਨ ਸਾਰੀ ਰਾਤ ਕੁਰਲਾਉਂਦਾ ਰਿਹਾ। ਅਜਿਹੇ ਜੇਤੂ ਬਣਨਾ ਸ਼ਰਮ ਵਾਲੀ ਗੱਲ ਐ। ਹੈਰੀ, ਤੂੰ ਹਾਰ ਕੇ ਵੀ ਜਿੱਤ ਗਿਐਂ।"

*ਪੰਜਾਬੀ ਯੂਨੀਵਰਸਿਟੀ ਕੈਂਪਸ,*
*ਪਟਿਆਲਾ-147002 ਪੰਜਾਬ*

*ਬਾਲ ਕਹਾਣੀ*

# ਬਹਾਦੁਰ ਨਿਸ਼ਾਨੇਬਾਜ਼

**ਬਾਜ ਸਿੰਘ ਮਹਿਲੀਆ**

ਸਕੂਲ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਤੋਂ ਬਾਅਦ ਇੱਕ ਵੱਡੀ ਸਕਰੀਨ ਸਟੇਜ ਉੱਤੇ ਲਗਾ ਦਿੱਤੀ ਗਈ ਸੀ। ਇਸ ਉੱਤੇ ਟੀ. ਵੀ. ਚੈਨਲ ਦਾ ਸਿੱਧਾ ਪ੍ਰਸਾਰਣ ਦਿਖਾਇਆ ਜਾਣਾ ਸੀ। ਸਕਰੀਨ ਸਾਮ੍ਹਣੇ ਬੈਠੇ ਬੱਚੇ ਪ੍ਰਸਾਰਣ ਸ਼ੁਰੂ ਹੋਣ ਦਾ ਇੰਤਜ਼ਾਰ ਕਰ ਰਹੇ ਸਨ। ਉਹ ਸਾਰੇ ਅਨਮੋਲ ਨੂੰ ਸਕਰੀਨ ਉੱਤੇ ਵੇਖਣ ਲਈ ਉਤਾਵਲੇ ਸਨ। ਅਨਮੋਲ ਉਹਨਾਂ ਦੇ ਸਕੂਲ ਦਾ ਵਿਦਿਆਰਥੀ ਸੀ।

ਅਨਮੋਲ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਹ ਜਦੋਂ ਵੀ ਕਿਸੇ ਹਾਣੀ ਕੋਲ ਕੋਈ ਨਵੀਂ ਚੀਜ਼ ਵੇਖ ਲੈਂਦਾ ਤਾਂ ਉਹੀ ਚੀਜ਼ ਲੈਣ ਲਈ ਆਪਣੇ ਮਾਪਿਆਂ ਕੋਲੋਂ ਮੰਗ ਕਰਦਾ। ਲਾਡਲਾ ਹੋਣ ਕਰਕੇ ਉਸ ਦੇ ਮਾਪੇ ਉਸ ਦੀ ਮੰਗ ਪੂਰੀ ਕਰ ਦਿੰਦੇ।

ਇੱਕ ਵਾਰ ਉਹ ਆਪਣੇ ਦੋਸਤ ਦਲਵੀਰ ਦੇ ਜਨਮ ਦਿਨ ਦੀ ਪਾਰਟੀ 'ਤੇ ਗਿਆ ਹੋਇਆ ਸੀ। ਉੱਥੇ ਹੋਰ ਵੀ ਲੜਕੇ ਆਏ ਹੋਏ ਸਨ। ਉਹਨਾਂ ਵਿੱਚ ਇੱਕ ਲੜਕਾ ਬੜੀ ਟੌਹਰ ਨਾਲ ਬੰਦੂਕ ਫੜ੍ਹ ਕੇ ਬੈਠ ਹੋਇਆ ਸੀ। ਅਨਮੋਲ ਨੇ ਉਸ ਲੜਕੇ ਬਾਰੇ ਦਲਵੀਰ ਨੂੰ ਪੁੱਛਦਿਆਂ ਕਿਹਾ, "ਦਲਵੀਰ, ਇਹ ਬੰਦੂਕ ਵਾਲਾ ਲੜਕਾ ਕੌਣ ਹੈ?"

ਦਲਵੀਰ ਬੋਲਿਆ, "ਇਹ ਮੇਰੇ ਮਾਮਾ ਜੀ ਦਾ ਲੜਕਾ ਗੁਰਕੰਵਲ ਹੈ।"

"ਇਸ ਕੋਲ ਜਿਹੜੀ ਬੰਦੂਕ ਹੈ, ਇਹ ਤਾਂ ਫਿਰ ਤੇਰੇ ਮਾਮਾ ਜੀ ਦੀ ਹੋਵੇਗੀ।" ਅਨਮੋਲ ਅੰਦਾਜ਼ਾ ਜਿਹਾ ਲਗਾਉਂਦਾ ਹੋਇਆ ਬੋਲਿਆ।

"ਇਹ ਬੰਦੂਕ ਮਾਮਾ ਜੀ ਦੀ ਨਹੀਂ, ਇਹ ਤਾਂ ਇਸ ਦੀ ਆਪਣੀ ਹੈ।"

"ਹੈਂ...ਇਸ ਦੀ ਆਪਣੀ ਬੰਦੂਕ?" ਅਨਮੋਲ ਹੈਰਾਨ ਹੋਇਆ ਬੋਲਿਆ।

ਉਸ ਨੂੰ ਹੈਰਾਨ ਹੋਇਆ ਵੇਖ ਦਲਵੀਰ ਬੋਲਿਆ, "ਅਨਮੋਲ, ਜਿਹੜੀ ਬੰਦੂਕ ਤੂੰ ਸਮਝ ਰਿਹਾ ਏਂ ਉਹ ਇਹ ਨਹੀਂ। ਇਹ ਤਾਂ ਏਅਰਗੰਨ ਹੈ ਜੋ ਇਸ ਨੇ ਸ਼ੌਕੀਆ ਤੌਰ ਤੇ ਲਈ ਹੋਈ ਹੈ। ਇਸ ਨਾਲ ਤਾਂ ਇਹ ਜਨੌਰਾਂ 'ਤੇ ਨਿਸ਼ਾਨੇ ਲਗਾਉਂਦਾ ਰਹਿੰਦਾ ਹੈ।"

ਫਿਰ ਦਿਲਵੀਰ ਉਸ ਨੂੰ ਗੁਰਕੰਵਲ ਕੋਲ ਲੈ ਗਿਆ। ਅਨਮੋਲ ਨੇ ਏਅਰਗੰਨ ਫੜ੍ਹ ਕੇ ਵੇਖੀ ਤਾਂ ਬਹੁਤ ਖ਼ੁਸ਼ ਹੋਇਆ। ਇਹ ਤਾਂ ਬਿਲਕੁਲ ਅਸਲੀ ਗੰਨ ਵਰਗੀ ਸੀ। ਗੁਰਕੰਵਲ ਨੇ ਉਸ ਨੂੰ ਏਅਰਗੰਨ ਚਲਾ ਕੇ ਵਿਖਾਈ ਤਾਂ ਅਨਮੋਲ ਨੂੰ ਬਹੁਤ ਚੰਗੀ ਲੱਗੀ। ਉਸ ਨੇ ਵੀ ਏਅਰਗੰਨ ਲੈਣ ਲਈ ਮਨ ਵਿੱਚ ਇਰਾਦਾ ਕਰ ਲਿਆ।

ਘਰ ਆ ਕੇ ਉਸ ਨੇ ਏਅਰਗੰਨ ਲੈਣ ਲਈ ਆਪਣੇ ਪਾਪਾ ਨੂੰ ਕਿਹਾ, "ਉਸ ਦੇ ਪਾਪਾ ਕੁਝ ਦਿਨ ਤਾਂ ਨਾਂਹ-ਨੁੱਕਰ ਕਰਦੇ ਰਹੇ ਪਰ ਜ਼ਿਆਦਾ ਜ਼ਿੱਦ ਕਰਨ ਤੇ ਉਸ ਨੂੰ ਏਅਰਗੰਨ ਲੈ ਦਿੱਤੀ।

ਅਨਮੋਲ ਹੁਣ ਸਕੂਲੋਂ ਆਉਂਦਿਆਂ ਹੀ ਏਅਰਗੰਨ ਚੁੱਕ ਕੇ ਖੇਤਾਂ ਵੱਲ ਨਿਕਲ ਜਾਂਦਾ। ਉੱਥੇ ਬਿਜਲੀ ਦੀਆਂ ਲਾਈਨਾਂ ਅਤੇ ਦਰਖ਼ਤਾਂ ਉੱਤੇ ਬੈਠੇ ਪੰਛੀਆਂ ਉੱਪਰ ਨਿਸ਼ਾਨੇ ਸਾਧਦਾ ਰਹਿੰਦਾ।

ਇੱਕ ਦਿਨ ਉਹ ਪਿੰਡ ਦੇ ਬਾਹਰ ਖੁੱਲ੍ਹੀ ਬੈਂਕ ਸ਼ਾਖਾ ਵੱਲ ਚਲਾ ਗਿਆ। ਉੱਥੋਂ ਲੰਘਦੀ ਬਿਜਲੀ ਦੀ ਲਾਈਨ ਉੱਪਰ ਬਹੁਤ ਸਾਰੀਆਂ ਘੁੱਗੀਆਂ ਅਤੇ ਕਬੂਤਰ ਬੈਠੇ ਹੋਏ ਸਨ। ਅਨਮੋਲ ਉਹਨਾਂ ਉੱਪਰ ਨਿਸ਼ਾਨੇ ਲਗਾਉਣ ਲੱਗ ਪਿਆ। "ਕਾਕਾ ਇਹ ਕੀ ਜ਼ੁਲਮ ਕਰ ਰਿਹਾ ਏਂ।" ਅਨਮੋਲ ਦੇ ਕੰਨਾਂ ਵਿੱਚ ਕਿਸੇ ਦੀ ਅਵਾਜ਼ ਪਈ। ਉਸ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਬੈਂਕ ਅੱਗੇ ਖੜ੍ਹੇ ਗੰਨਮੈਨ ਨੇ ਉਸ ਨੂੰ ਆਪਣੇ ਕੋਲ ਆਉਣ ਲਈ ਇਸ਼ਾਰਾ ਕੀਤਾ। ਅਨਮੋਲ ਉਸ ਕੋਲ ਗਿਆ ਤਾਂ ਗੰਨਮੈਨ ਬੜ੍ਹੇ ਪਿਆਰ ਨਾਲ ਬੋਲਿਆ, "ਬੇਟਾ! ਇਨ੍ਹਾਂ ਬੇਜ਼ੁਬਾਨਾਂ ਨੇ ਤੇਰਾ ਕੀ ਵਿਗਾੜਿਆ ਹੈ?"

"ਅੰਕਲ, ਮੈਂ ਨਿਸ਼ਾਨਾ ਲਗਾ ਕੇ ਵੇਖ ਰਿਹਾ ਸੀ।" ਅਨਮੋਲ ਮੁਸਕਰਾਉਂਦਾ ਹੋਇਆ ਬੋਲਿਆ।

"ਬੇਟਾ! ਬੇਗੁਨਾਹਾਂ ਜਨੌਰਾਂ ਨੂੰ ਫੱਟੜ ਕਰਕੇ ਜਾਂ ਮਾਰ ਕੇ ਨਿਸ਼ਾਨਾ ਲਗਾਉਣਾ ਸਿੱਖਣਾ ਤਾਂ ਕੋਈ ਬਹਾਦੁਰੀ ਨਹੀਂ। ਜੇਕਰ ਤੂੰ ਨਿਸ਼ਾਨਾ ਲਗਾਉਣਾ ਹੀ ਸਿੱਖਣਾ ਹੈ ਤਾਂ ਮੈਂ ਤੈਨੂੰ ਸਿਖਾ ਦਿਆਂਗਾ। ਪਰ ਪਹਿਲਾ ਇੱਕ ਵਾਅਦਾ ਕਰਨਾ ਪਵੇਗਾ।" ਗੰਨਮੈਨ ਉਸ ਦੇ ਮੋਢੇ 'ਤੇ ਹੱਥ ਰੱਖਦਾ ਹੋਇਆ ਬੋਲਿਆ।

ਅਨਮੋਲ ਇੱਕ ਦਮ ਬੋਲਿਆ, "ਕਿਹੜਾ ਵਾਅਦਾ?"

"ਵਾਅਦਾ ਇਹ, ਬਈ ਤੂੰ ਕਿਸੇ ਪੰਛੀ ਨੂੰ ਆਪਣਾ ਨਿਸ਼ਾਨਾ ਨਹੀਂ ਬਣਾਵੇਂਗਾ।" ਗੰਨਮੈਨ ਥੋੜ੍ਹਾ ਬੁੱਲ੍ਹਾਂ ਵਿੱਚ ਮੁਸਕਰਾਉਂਦਾ ਹੋਇਆ ਬੋਲਿਆ।

"ਅੰਕਲ ! ਮੈਂ ਵਾਅਦਾ ਕਰਦਾ ਹਾਂ ਕਿ ਅੱਜ ਤੋਂ ਬਾਅਦ ਕਿਸੇ ਵੀ ਪੰਛੀ ਨੂੰ ਆਪਣਾ ਨਿਸ਼ਾਨਾ ਨਹੀਂ ਬਣਾਵਾਂਗਾ। ਬੱਸ ਤੁਸੀਂ ਮੈਨੂੰ ਨਿਸ਼ਾਨਾ ਲਗਾਉਣ ਦੀ ਜਾਚ ਸਿਖਾ ਦਿਓ।" ਅਨਮੋਲ ਖ਼ੁਸ਼ ਹੁੰਦਾ ਬੋਲਿਆ।

ਗੰਨਮੈਨ ਉਸ ਦਾ ਸਿਰ ਪਲੋਸਦੇ ਹੋਏ ਬੋਲਿਆ, "ਸ਼ਾਬਾਸ਼ ਬੇਟਾ ! ਤੂੰ ਭਲਕੇ ਬੈਂਕ ਟਾਈਮ ਤੋਂ ਬਾਅਦ ਆ ਜਾਣਾ।"

ਅਗਲੇ ਦਿਨ ਅਨਮੋਲ ਗਿਆ ਤਾਂ ਗੰਨਮੈਨ ਇੱਕ ਗੱਤੇ ਦਾ ਟੁਕੜਾ ਲਈ ਖੜ੍ਹਾ ਸੀ ਜਿਸ ਨਾਲ ਗੁਬਾਰੇ ਬੰਨ੍ਹੇ ਹੋਏ ਸਨ। ਗੰਨਮੈਨ ਨੇ ਗੁਬਾਰਿਆਂ ਵਾਲਾ ਗੱਤੇ ਦਾ ਟੁਕੜਾ ਇੱਕ ਕੰਧ ਨਾਲ ਲਟਕਾ ਦਿੱਤਾ। ਫਿਰ ਉਸ ਨੇ ਅਨਮੋਲ ਕੋਲੋਂ ਏਅਰਗੰਨ ਲੈ ਕੇ ਉਹਨਾਂ ਉੱਪਰ ਨਿਸ਼ਾਨਾ ਲਗਾਇਆ। ਨਿਸ਼ਾਨਾ ਲੱਗਦਿਆਂ ਹੀ ਇੱਕ ਗੁਬਾਰਾ ਠਾਹ ਕਰਦਾ ਫੱਟ ਗਿਆ। ਅਨਮੋਲ ਵੇਖ ਕੇ ਬਹੁਤ ਖ਼ੁਸ਼ ਹੋਇਆ। ਗੰਨਮੈਨ ਉਸ ਨੂੰ ਨਿਸ਼ਾਨਾ ਲਗਾਉਣ ਦੀ ਜਾਚ ਦੱਸਦਾ ਹੋਇਆ ਬੋਲਿਆਂ, "ਬੇਟਾ ! ਇਸ ਤਰ੍ਹਾਂ ਨਿਸ਼ਾਨਾ ਲਗਾਈ ਦਾ ਹੈ। ਵੇਖਿਆ ਨਾਲੇ ਪੁੰਨ ਨਾਲੇ ਫਲੀਆਂ। ਇਸ ਤਰ੍ਹਾਂ ਤੇਰਾ ਮਨੋਰੰਜਨ ਵੀ ਹੋਵੇਗਾ ਅਤੇ ਨਿਸ਼ਾਨਾ ਲਗਾਉਣਾ ਵੀ ਸਿੱਖ ਜਾਏਂਗਾ।"

ਅਨਮੋਲ ਹੁਣ ਹਰ ਰੋਜ਼ ਗੱਤੇ ਉੱਪਰ ਗੁਬਾਰੇ ਲੱਗਾ ਕੇ ਖੇਤ ਲੈ ਜਾਂਦਾ ਅਤੇ ਬੰਬੀ ਵਾਲੀ ਕੰਧ ਨਾਲ ਲਟਕਾ ਕੇ ਨਿਸ਼ਾਨਾ ਲਗਾਉਂਦਾ ਰਹਿੰਦਾ। ਖੇਤੋਂ ਮੁੜਦੇ ਵਕਤ ਗੰਨਮੈਨ ਨੂੰ ਦੱਸਦਾ ਕਿ ਅੱਜ ਉਸ ਨੇ ਕਿੰਨੇ ਨਿਸ਼ਾਨੇ ਲੱਗੇ ਹਨ। ਹੌਲੀ-ਹੌਲੀ ਉਹ ਨਿਸ਼ਾਨੇ ਲਗਾਉਣ ਵਿੱਚ ਪੂਰਾ ਮਾਹਰ ਹੋ ਗਿਆ ਸੀ। ਗੰਨਮੈਨ ਹੁਣ ਉਸ ਨੂੰ ਨਿਸ਼ਾਨੇਬਾਜ਼ ਕਹਿ ਕੇ ਬਲਾਉਂਦਾ।

ਇੱਕ ਦਿਨ ਅਨਮੋਲ ਰੋਜ਼ ਦੀ ਤਰ੍ਹਾਂ ਖੇਤ ਵੱਲ ਜਾ ਰਿਹਾ ਸੀ। ਜਦੋਂ ਉਹ ਬੈਂਕ ਅੱਗੋਂ ਲੰਘਣ ਲੱਗਾ ਤਾਂ ਗੰਨਮੈਨ ਗੇਟ ਅੱਗੇ ਨਹੀਂ ਸੀ। ਅਨਮੋਲ ਨੇ ਥੋੜ੍ਹਾ ਅੱਗੇ ਜਾ ਕੇ ਅੰਦਰ ਝਾਤੀ ਮਾਰੀ ਤਾਂ ਗੰਨਮੈਨ ਅਤੇ ਬੈਂਕ ਮੁਲਾਜ਼ਿਮ ਹੱਥ ਉੱਪਰ ਕਰੀ ਖੜ੍ਹੇ ਸੀ। ਇੱਕ ਆਦਮੀ ਉਹਨਾਂ ਵੱਲ ਬੰਦੂਕ ਤਾਣੀ ਖੜ੍ਹਾ ਸੀ। ਅਨਮੋਲ ਨੂੰ ਸਮਝਦਿਆ ਦੇਰ ਨਾ ਲੱਗੀ। ਇਹ ਤਾਂ ਲੁਟੇਰੇ ਹਨ। ਹੁਣ ਕੀ ਕੀਤਾ ਜਾਵੇ ?" ਉਹ ਮਨ ਹੀ ਮਨ ਸੋਚਣ ਲੱਗਾ। ਫਿਰ ਉਸ ਨੂੰ ਇੱਕ ਫੁਰਨਾ ਫੁਰਿਆ। ਉਹ ਬੈਂਕ ਦੇ ਸਾਹਮਣੇ ਸੜਕ ਦੇ ਨਾਲ ਲੱਗਦੀ ਇੱਕ ਕੰਧ ਉਹਲੇ ਖੜ੍ਹ ਗਿਆ।

ਕੁਝ ਦੇਰ ਬਾਅਦ ਦੋ ਆਦਮੀ ਬੈਂਕ ਅੰਦਰੋਂ ਬਾਹਰ ਨਿਕਲੇ। ਇੱਕ ਕੋਲ ਬੰਦੂਕ ਅਤੇ ਦੂਸਰੇ ਕੋਲ ਨੋਟਾਂ ਦਾ ਭਰਿਆ ਥੈਲਾ ਸੀ। ਜਦੋਂ ਉਹ ਬਾਹਰ ਖੜ੍ਹੇ ਮੋਟਰਸਾਇਕਲ 'ਤੇ ਚੜ੍ਹ ਕੇ ਸੜਕ 'ਤੇ ਆਏ ਤਾਂ ਨੇੜੇ ਆਉਂਦਿਆਂ ਹੀ ਅਨਮੋਲ ਨੇ ਨਿਸ਼ਾਨਾ ਸਿੰਨ੍ਹ ਕੇ ਏਅਰਗੰਨ ਚਲਾ ਦਿੱਤੀ। ਸਿੱਕਾ ਗੋਲੀ ਮੋਟਰਸਾਈਕਲ ਚਲਾ ਰਹੇ ਆਦਮੀ ਦੀ ਅੱਖ ਵਿੱਚ ਲੱਗੀ। ਦੋਵੇਂ ਮੋਟਰਸਾਈਕਲ ਸਮੇਤ ਧੜੰਮ ਕਰਦੇ ਹੇਠਾਂ ਡਿੱਗ ਪਏ। ਦੂਸਰਾ ਆਦਮੀ ਉੱਠਣ ਲੱਗਾ ਤਾਂ ਅਨਮੋਲ ਨੇ ਇੱਕ ਸਿੱਕਾ ਗੋਲੀ ਉਸ ਦੇ ਮੱਥੇ ਉੱਤੇ ਜੜ੍ਹ ਦਿੱਤੀ। ਫਿਰ ਉਸ ਨੇ ਫੁਰਤੀ ਨਾਲ ਦੌੜ ਕੇ ਉਹਨਾਂ ਦੀ ਡਿੱਗੀ ਬੰਦੂਕ ਚੁੱਕ ਲਈ। ਇੰਨੇ ਚਿਰ ਨੂੰ ਗੰਨਮੈਨ ਅਤੇ ਦੂਸਰੇ ਮੁਲਾਜ਼ਮ ਵੀ ਉੱਥੇ ਆ ਗਏ ਸਨ। ਉਹਨਾਂ ਨੇ ਦੋਹਾਂ ਲੁਟੇਰਿਆਂ ਨੂੰ ਦਬੋਚ ਕੇ ਪੁਲਿਸ ਨੂੰ ਫ਼ੋਨ ਕਰ ਦਿੱਤਾ। ਪੁਲਿਸ ਵੀ ਉੱਥੇ ਜਲਦੀ ਪਹੁੰਚ ਗਈ। ਬੈਂਕ ਮੈਨੇਜਰ ਅਨਮੋਲ ਨੂੰ ਗਲਵੱਕੜੀ 'ਚ ਲੈ ਕੇ ਪੁਲਿਸ ਇੰਸਪੈਕੱਟਰ ਨੂੰ ਦੱਸਦਾ ਹੋਇਆ ਬੋਲਿਆ, "ਜਨਾਬ ! ਇਨ੍ਹਾਂ ਲੁਟੇਰਿਆਂ ਨੂੰ ਕਾਬੂ ਕਰਨ ਵਾਲਾ ਇਹ ਬਹਾਦੁਰ ਨਿਸ਼ਾਨੇਬਾਜ਼ ਲੜਕਾ ਅਨਮੋਲ ਹੈ। ਅੱਜ ਇਸ ਨੇ ਆਪਣੀ ਏਅਰਗੰਨ ਨਾਲ ਨਿਸ਼ਾਨੇ ਲਗਾ ਕੇ ਬੈਂਕ ਨੂੰ ਲੁੱਟਣੋਂ ਬਚਾ ਲਿਆ। ਨਹੀਂ ਤਾਂ ਇਨ੍ਹਾਂ ਕਮੀਨਿਆਂ ਨੇ ਗੰਨਮੈਨ ਦੀ ਬੰਦੂਕ ਤੇ ਸਾਰਾ ਕੈਸ਼ ਲੈ ਕੇ ਰਫੂਚੱਕਰ ਹੋ ਜਾਣਾ ਸੀ।"

ਪੁਲਿਸ ਇੰਸਪੈਕੱਟਰ ਅਨਮੋਲ ਦਾ ਸਿਰ ਪਲੋਸਦੇ ਹੋਏ ਬੋਲੇ, "ਬੇਟਾ ! ਤੇਰੀ ਇਹ ਸਾਹਸ ਭਰੀ ਦਲੇਰੀ ਵੇਖ ਕੇ ਹਰ ਕੋਈ ਦੰਗ ਰਹਿ ਗਿਆ ਹੈ। ਮੈਂ ਸਰਕਾਰ ਕੋਲ ਇਨਾਮ ਲਈ ਤੇਰੇ ਨਾਂ ਦੀ ਸਿਫ਼ਾਰਸ਼ ਕਰਾਂਗਾ।"

ਦੂਸਰੇ ਦਿਨ ਸਾਰੇ ਅਖ਼ਬਾਰਾਂ ਅਤੇ ਟੀ. ਵੀ. ਚੈਨਲਾਂ 'ਤੇ ਅਨਮੋਲ ਦੀ ਬਹਾਦੁਰੀ ਦੀਆਂ ਖ਼ਬਰਾਂ ਪ੍ਰਸਾਰਤ ਹੋ ਰਹੀਆਂ ਸਨ।

ਕੁਝ ਦਿਨ ਪਹਿਲੇ ਅਨਮੋਲ ਨੂੰ ਬਹਾਦਰੀ ਪੁਰਸਕਾਰ ਲੈਣ ਅਤੇ ਗਣਤੰਤਰ ਦਿਵਸ ਪਰੇਡ ਵਿੱਚ ਸ਼ਾਮਿਲ ਹੋਣ ਲਈ ਰਾਜਧਾਨੀ ਦਿੱਲੀ ਤੋਂ ਸੱਦਾ-ਪੱਤਰ ਆਇਆ ਸੀ। ਅਨਮੋਲ ਆਪਣੇ ਮੰਮੀ-ਪਾਪਾ ਨਾਲ ਦਿੱਲੀ ਗਿਆ ਹੋਇਆ ਸੀ। ਅੱਜ ਉਸ ਨੇ ਬਹਾਦਰੀ ਦਿਖਾਉਣ ਵਾਲੇ ਹੋਰ ਬੱਚਿਆਂ ਨਾਲ ਗਣਤੰਤਰ ਦਿਵਸ ਪਰੇਡ ਵਿੱਚ ਸ਼ਾਮਿਲ ਹੋਣਾ ਸੀ। ਸਕਰੀਨ ਤੇ ਪ੍ਰਸਾਰਣ ਸ਼ੁਰੂ ਹੋਇਆ ਤਾਂ ਬੱਚੇ ਸਿੱਧਾ ਪ੍ਰਸਾਰਣ ਵੇਖਣ ਵਿੱਚ ਮੰਤਰ ਮੁਗਧ ਹੋ ਗਏ। ਵੱਡੇ-ਵੱਡੇ ਟੈਂਕ, ਮਿਜ਼ਾਇਲਾਂ ਅਤੇ ਫ਼ੌਜੀ ਟੁਕੜੀਆਂ ਰਾਸ਼ਟਰਪਤੀ ਨੂੰ ਸਲਾਮੀ ਦਿੰਦੀਆਂ ਲੰਘ ਰਹੀਆਂ ਸਨ। ਫਿਰ ਫੁੱਲਾਂ ਨਾਲ ਸ਼ਿੰਗਾਰੀਆਂ ਖੁਲ੍ਹੀਆਂ ਜੀਪਾਂ ਆਈਆਂ ਜਿਨ੍ਹਾਂ ਵਿੱਚ ਬਹਾਦੁਰੀ ਦਿਖਾਉਣ ਵਾਲੇ ਬੱਚੇ ਖੜ੍ਹੇ ਸਨ। ਫਿਰ ਜਿਉਂ ਹੀ ਉਹਨਾਂ ਨੇ ਅਨਮੋਲ ਨੂੰ ਜੀਪ ਉੱਤੇ ਹੋਰਾਂ ਬੱਚਿਆਂ ਨਾਲ ਹੱਥ ਹਿਲਾਉਂਦੇ ਦੇਖਿਆ ਤਾਂ ਬੱਚੇ ਜ਼ੋਰ-ਜ਼ੋਰ ਦੀ ਤਾੜੀਆਂ ਮਾਰਨ ਲੱਗੇ। ਸਾਰਾ ਸਕੂਲ ਤਾੜੀਆਂ ਨਾਲ ਗੂੰਜ ਉੱਠਿਆ ਸੀ।

*ਪਿੰਡ ਜਿਊਣਪੁਰਾ, ਡਾਕ ਪਾਤੜਾਂ-147105 (ਪਟਿਆਲਾ) ਪੰਜਾਬ*

# ਦੋ ਬਾਲ ਗੀਤ

**ਬਲਤੇਜ ਸਿੰਘ 'ਕੋਮਲ'**

## (i) ਬੀਬਾ ਰਾਣਾ

ਮੈਂ ਆਪਣੀ ਅੰਮੀ ਦਾ ਬੇਟਾ,
ਬੀਬਾ ਰਾਣਾ ਜੀ ।
ਬੀਬਾ ਰਾਣਾ ਬੇਟਾ
ਮੈਂ ਬੜਾ ਸਿਆਣਾ ਜੀ ।
ਨ੍ਹਾ-ਧੋ ਕੇ ਸੋਹਣੇ ਕੱਪੜੇ ਪਾਵਾਂ ।
ਨਿੱਤ ਸਵੇਰੇ ਸੈਰ ਨੂੰ ਜਾਵਾਂ ।
ਘੜੀ ਮੁੜੀ ਨਾ ਰੁੱਸ-ਰੁੱਸ ਬਹਿੰਦਾ ।
ਨਾਲ ਸਲੀਕੇ ਹਰ ਗੱਲ ਕਹਿੰਦਾ ।
ਲੋੜ ਨਾਲੋਂ ਜ਼ਿਆਦਾ ਕਦੇ ਮੈਂ
ਨਾ ਖਾਂਦਾ ਖਾਣਾ ਜੀ....ਬੀਬਾ ਰਾਣਾ ਬੇਟਾ....

ਬੇਸ਼ੱਕ ਹਾਂ ਅਜੇ ਛੋਟਾ ਬੱਚਾ ।
ਐਪਰ ਨਾਹੀਂ ਅਕਲ ਦਾ ਕੱਚਾ ।
ਇੱਲਤ ਟੋਨੀ ਵਾਂਗ ਨਾ ਕਰਦਾ,
ਕੰਮ ਗ਼ਲਤ ਮੈਂ ਕਰਨ ਤੋਂ ਡਰਦਾ ।
ਮੈਂ ਨਾ ਚਾਹਾਂ ਵਿਹਲੇ ਰਹਿ ਕੇ
ਵਕਤ ਗੁਆਣਾ ਜੀ...ਬੀਬਾ ਰਾਣਾ ਬੇਟਾ...

ਬਸਤਾ ਚੁੱਕ ਸਕੂਲੇ ਜਾਵਾਂ,
ਖ਼ੁਸ਼ੀ-ਖ਼ੁਸ਼ੀ ਮੈਂ ਸਬਕ ਸੁਣਾਵਾਂ ।
ਨਾਲ ਪੁਸਤਕਾਂ ਪਿਆਰ ਕਰਾਂ ਮੈਂ
ਟੀਚਰਾਂ ਦਾ ਸਤਿਕਾਰ ਕਰਾਂ ਮੈਂ
ਪੜ੍ਹ-ਲਿਖ ਕੇ ਹੁਣ ਅਸਾਂ ਦੇਸ਼ ਦਾ
ਨਾਂ ਚਮਕਾਣਾ ਜੀ...ਬੀਬਾ ਰਾਣਾ ਬੇਟਾ...
ਮੈਂ ਬੜਾ ਸਿਆਣਾ ਜੀ ।

## (ii) ਕਰੋ ਸੁੰਦਰ ਲਿਖਾਈ...

ਕਰੋ ਸਦਾ ਸੁੰਦਰ ਲਿਖਾਈ ਬੱਚਿਓ !
ਏਸੇ ਵਿੱਚ ਤੁਹਾਡੀ ਹੈ ਭਲਾਈ ਬੱਚਿਓ !

ਸਹੀ ਹੋਵੇ ਸ਼ਬਦਾਂ ਦੀ ਬਣਤਰ ।
ਸੋਚ-ਸਮਝ ਕੇ ਪਾਓ ਅੱਖਰ ।
ਲਿਖੇ ਹੋਏ ਦੀ ਕਰੋ ਦੁਹਰਾਈ ਬੱਚਿਓ !...

ਇੱਕੋ ਅੱਖਰ ਤੇ ਨਾ ਅੜ ਜਾਈਏ ।
ਨਾਲ ਰਵਾਨੀ ਵਧਦੇ ਹੀ ਜਾਈਏ ।
ਚੰਗੀ ਕਿਰਤ ਨੇ ਸਦਾ ਸ਼ੋਭਾ ਪਾਈ ਬੱਚਿਓ !...

ਲਗਾਂ-ਮਾਤਰਾਂ ਵੀ ਮੰਗਣ ਧਿਆਨ ।
ਬਹੁਤ ਜ਼ਰੂਰੀ ਇਨ੍ਹਾਂ ਦਾ ਗਿਆਨ ।
ਜੋ ਵੇਖੇ ਤਾਂ ਕਰੇ ਵਡਿਆਈ ਬੱਚਿਓ !...

ਸੁੰਦਰ ਲਿਖਾਈ ਤਾਂ ਇਕ ਗਹਿਣਾ ।
'ਕੋਮਲ' ਅੰਕਲ ਦਾ ਇਹ ਕਹਿਣਾ ।
ਚੰਗੇ ਗੁਣ ਜਾਓ ਅਪਣਾਈ ਬੱਚਿਓ !
ਕਰੋ ਸਦਾ ਸੁੰਦਰ ਲਿਖਾਈ ਬੱਚਿਓ ।

*ਪਿੰਡ ਤੇ ਡਾਕਘਰ : ਘੱਗਾ,*
*ਜ਼ਿਲ੍ਹਾ ਪਟਿਆਲਾ-147102 (ਪੰਜਾਬ)*

# ਪਾਲਿਕਾ ਗਤੀਵਿਧੀਆਂ

**ਮੁੱਖ ਮੰਤਰੀ ਵੱਲੋਂ ਸੀਮਿੰਟ-ਕੰਕ੍ਰੀਟ ਰੋਡ ਪਰਿਯੋਜਨਾ ਦਾ ਡੀ.ਆਈ.ਜ਼ੈੱਡ. ਏਰੀਆ-ਗੋਲ ਮਾਰਕੀਟ ਵਿੱਚ ਉਦਘਾਟਨ** :-ਦਿੱਲੀ ਦੀ ਮੁੱਖ ਮੰਤਰੀ, ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ 23 ਫ਼ਰਵਰੀ 2013 ਨੂੰ ਐੱਮ.ਐੱਸ. ਫਲੈਟਸ, ਪੇਸ਼ਵਾ ਰੋਡ ਅਤੇ ਜੇ. ਬਲਾਕ-ਮੰਦਰ ਮਾਰਗ ਵਿੱਚ ਡੀ.ਆਈ.ਜ਼ੈੱਡ. ਏਰੀਆ (ਸੈਕਟਰ-ii) ਗੋਲ ਮਾਰਕੀਟ ਖੇਤਰ ਦੀਆਂ ਕਾਲੋਨੀਆਂ ਦੀਆਂ ਗਲੀਆਂ ਵਿੱਚ ਸੀਮਿੰਟ-ਕੰਕ੍ਰੀਟ ਰੋਡ ਬਣਾਉਣ ਦੀ ਪਰਿਯੋਜਨਾ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਸੁਸ਼੍ਰੀ ਅਰਚਨਾ ਅਰੋੜਾ, ਪ੍ਰਧਾਨ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੀ ਮੌਜੂਦ ਸਨ। ਇਸ ਪਰਿਯੋਜਨਾ ਦਾ ਕੰਮ ਮਈ 2014 ਤੱਕ ਪੂਰਾ ਕਰ ਲਿਆ ਜਾਵੇਗਾ।

ਸੀਮਿੰਟ-ਕੰਕ੍ਰੀਟ ਰੋਡ ਦੀ ਇਸ ਪਰਿਯੋਜਨਾ ਕਾਰਜ 'ਤੇ ਕੁਲ ਲਾਗਤ 8.61ਕਰੋੜ ਰੁਪਏ ਆਏਗੀ। ਇਸ ਕੰਮ ਦੇ ਅੰਤਰਗਤ ਬਿਜਲੀ ਅਤੇ ਸੰਚਾਰ ਦੀ ਕੇਬਲ ਦੇ ਲਈ ਐੱਚ.ਡੀ.ਪੀ.ਈ. ਪਾਈਪ ਦੀ ਡਕਟ ਪਾਈ ਜਾਵੇਗੀ ਅਤੇ ਸੀਵਰੇਜ਼ ਪ੍ਰਣਾਲੀ ਦੇ ਲਈ ਆਰ.ਸੀ.ਸੀ. ਪਾਈਪ ਵੀ ਪਾਉਣ ਦਾ ਪ੍ਰਾਵਧਾਨ ਹੈ। ਇਸ ਪੂਰੀ ਪਰਿਯੋਜਨਾ ਵਿੱਚ ਬਣੀ-ਬਣਾਈ ਮਿਸ਼ਰਿਤ ਸੀਮਿੰਟ-ਕੰਕ੍ਰੀਟ ਸਮੱਗਰੀ ਦੀ ਵਰਤੋਂ ਕੁਲ 15 ਕਿਲੋਮੀਟਰ ਲੰਮੀ ਅਤੇ ਲਗਭਗ ਤਿੰਨ ਮੀਟਰ ਚੌੜੀ ਸਿੰਗਲ ਲੇਨ ਸੜਕ ਦੇ ਨਿਰਮਾਣ ਲਈ ਕੀਤੀ ਜਾਵੇਗੀ।

ਇਸ ਰੋਡ ਪਰਿਯੋਜਨਾ ਦਾ ਉਦਘਾਟਨ ਕਰਨ ਤੋਂ ਬਾਅਦ ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਕਿਹਾ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਦੀਆਂ ਰਿਹਾਇਸ਼ੀ ਕਾਲੋਨੀਆਂ ਵਿੱਚ ਕੰਕ੍ਰੀਟ ਦੀਆਂ ਸੜਕਾਂ ਅਤੇ ਲੇਨਾਂ ਦੀ ਪਰਿਯੋਜਨਾ ਲਗਾਤਾਰ ਪਿਛਲੇ ਤਿੰਨ ਵਰ੍ਹਿਆਂ ਤੋਂ ਚਲਾਈ ਜਾ ਰਹੀ ਹੈ, ਜੋ ਸਫ਼ਲਤਾ ਦੇ ਨਾਲ ਤਰੱਕੀ 'ਤੇ ਹੈ। ਹੁਣ ਤੱਕ ਇਸ ਪਰਿਯੋਜਨਾ ਦੇ ਅੰਤਰਗਤ ਬਾਪਾ ਨਗਰ, ਮੋਤੀ ਬਾਗ਼, ਨੇਤਾਜੀ ਨਗਰ, ਲਕਸ਼ਮੀਬਾਈ ਨਗਰ, ਕਿਦਵਈ ਨਗਰ, ਨੌਰੋਜੀ ਨਗਰ ਅਤੇ ਡੀ.ਆਈ.ਜ਼ੈੱਡ. ਏਰੀਆ (ਸੈਕਟਰ-i ਅਤੇ-iii) ਵਿੱਚ ਇਹ ਕੰਮ ਪੂਰਾ ਹੋ ਚੁੱਕਿਆ ਹੈ। ਲੋਧੀ ਕਾਲੋਨੀ, ਸਰੋਜਨੀ ਨਗਰ ਅਤੇ ਭਾਰਤੀ ਨਗਰ ਵਿੱਚ ਇਸ ਪਰਿਯੋਜਨਾ ਦਾ ਕੰਮ ਤਰੱਕੀ 'ਤੇ ਹੈ ਅਤੇ ਇਸ ਸਾਲ ਪੂਰਾ ਕਰ ਲਿਆ ਜਾਵੇਗਾ।

ਇਸ ਮੌਕੇ 'ਤੇ ਪਾਲਿਕਾ ਪਰੀਸ਼ਦ ਮੈਂਬਰ, ਪਾਲਿਕਾ ਪਰੀਸ਼ਦ ਦੇ ਸਕੱਤਰ ਅਤੇ ਸੀਨੀਅਰ ਅਧਿਕਾਰੀ, ਰਿਹਾਇਸ਼ੀ ਕਲਿਆਣ ਸਮਿਤੀਆਂ ਅਤੇ ਮਾਰਕੀਟ ਐਸੋਸੀਏਸ਼ਨਾਂ ਦੇ ਪ੍ਰਤੀਨਿਧੀ ਅਤੇ ਲੋਕਲ ਵਸਨੀਕ ਵੀ ਮੌਜੂਦ ਸਨ। ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਦੁਬਾਰਾ ਸਾਰੇ ਵਸਨੀਕਾਂ ਨੂੰ ਅਨੁਰੋਧ ਕੀਤਾ ਕਿ ਦਿੱਲੀ ਦੇ ਵਾਤਾਵਰਣ ਨੂੰ ਸਿਹਤਮੰਦ ਬਣਾਉਣ ਦੇ ਲਈ ਸਾਰੇ ਖੇਤਰਾਂ ਨੂੰ ਸਾਫ਼-ਸੁਥਰਾ ਅਤੇ ਹਰਾ-ਭਰਾ ਬਣਾਉਣ ਵਿੱਚ ਲੋਕਲ ਅਦਾਰੇ ਨੂੰ ਆਪਣਾ ਪੂਰਾ ਸਹਿਯੋਗ ਦੇਣ।

—o—

**ਪਾਲਿਕਾ ਪਰੀਸ਼ਦ ਵੱਲੋਂ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਦੀ ਰੋਕਥਾਮ ਦੇ ਲਈ ਟ੍ਰੇਨਿੰਗ ਪ੍ਰੋਗਰਾਮ** :-ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਿਹਤ ਵਿਭਾਗ ਨੇ 8 ਮਾਰਚ, 2013 ਨੂੰ ਨਵੀਂ ਦਿੱਲੀ ਸਿਟੀ ਸੈਂਟਰ ਦੇ ਸਭਾਗਾਰ ਵਿੱਚ ਪਾਲਿਕਾ ਪਰੀਸ਼ਦ ਦੇ ਸਫ਼ਾਈ ਇਨਸਪੈਕਟਰਾਂ, ਨਿਗਰਾਨੀ ਕਾਰਜ-ਕਰਤਾਵਾਂ ਅਤੇ ਮਲੇਰੀਆ-ਰੋਕੂ ਕਰਮਚਾਰੀਆਂ ਨੂੰ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਰੋਗਾਂ ਦੀ ਰੋਕਥਾਮ ਕਰਨ ਦੇ ਲਈ ਇਕ ਟ੍ਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ।

ਇਸ ਟ੍ਰੇਨਿੰਗ ਪ੍ਰੋਗਰਾਮ ਵਿੱਚ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਰੋਗਾਂ ਦੀ ਰੋਕਥਾਮ ਵਿਸ਼ੇ 'ਤੇ ਰਾਸ਼ਟਰੀ ਜਲਜਨਿਤ ਰੋਗ ਰੋਕਥਾਮ ਪ੍ਰੋਗਰਾਮ ਦੇ ਅਤਿਰਿਕਤ ਨਿਦੇਸ਼ਕ ਡਾ. ਆਰ.ਐੱਸ. ਸ਼ਰਮਾ, ਰਾਸ਼ਟਰੀ ਮਲੇਰੀਆ ਅਨੁਸੰਧਾਨ ਸੰਸਥਾਨ (ਐੱਨ.ਆਈ.ਐੱਮ.ਆਰ.) ਦੇ ਸੰਯੁਕਤ ਨਿਦੇਸ਼ਕ ਡਾ. ਵੀ.ਪੀ. ਸਿੰਘ ਅਤੇ ਸ੍ਰੀ ਐੱਸ. ਨਾਰੰਗ ਨੇ ਸਫ਼ਾਈ ਇਨਸਪੈਕਟਰਾਂ, ਨਿਗਰਾਨੀ ਕਾਰਜਕਰਤਾਵਾਂ ਅਤੇ ਮਲੇਰੀਆ-ਰੋਕੂ ਕਰਮਚਾਰੀਆਂ ਨੂੰ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਰੋਗਾਂ ਦੀ ਰੋਕਥਾਮ ਕਰਨ ਦੇ ਲਈ ਵਿਸਤਾਰ ਪੂਰਬਕ ਦੱਸਿਆ। ਸਾਰੇ ਆਏ ਹੋਏ ਮਾਹਿਰਾਂ ਨੇ ਡੇਂਗੂ ਅਤੇ ਜਾਪਾਨੀ ਬੁਖ਼ਾਰ ਦੇ ਲੱਛਣਾਂ, ਮੱਛਰਾਂ ਦੇ ਲਾਰਵਾ ਰੋਕਣ ਦੇ ਉਪਾਅ, ਆਮ ਜਨਤਾ ਨੂੰ ਡੇਂਗੂ/ਬੁਖ਼ਾਰ ਦੀ ਰੋਕਥਾਮ ਦੇ ਉਪਾਅ ਦੇ ਪ੍ਰਤੀ ਜਾਗਰੂਕ ਕਰਨ ਵਿੱਚ ਮਲੇਰੀਆ-ਰੋਧੀ ਕਾਰਜ-ਕਰਤਾਵਾਂ ਦੀ ਭੂਮਿਕਾ ਅਤੇ ਲਾਰਵਾ ਦੀਆਂ ਵਿਭਿੰਨ ਕਿਸਮਾਂ ਦੇ ਨਾਲ ਹੀ ਮੱਛਰਾਂ ਦੀ ਉਤਪਤੀ ਨੂੰ ਰੋਕਣ ਦੀਆਂ ਰਣਨੀਤੀਆਂ ਦੇ ਬਾਰੇ ਵਿੱਚ ਵੀ ਟਰੇਂਡ ਕੀਤਾ।

ਇਸ ਟ੍ਰੇਨਿੰਗ ਪ੍ਰੋਗਰਾਮ ਦੇ ਸੰਯੋਜਕ ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੁੱਖ ਚਿਕਿਤਸਾ ਅਧਿਕਾਰੀ (ਮਲੇਰੀਆ)

ਡਾ. ਆਰ.ਐੱਨ. ਸਿੰਘ ਨੇ ਦੱਸਿਆ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਦਾ ਮਕਸਦ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਦੇ ਕਾਰਨਾਂ ਦੀ ਪਹਿਚਾਨ ਕਰਕੇ ਉਨ੍ਹਾਂ ਦੀ ਰੋਕਥਾਮ ਕਰਨ ਦੇ ਲਈ ਸੰਬੰਧਤ ਸਿਹਤ ਕਰਮੀਆਂ ਅਤੇ ਕਾਰਜਕਰਤਾਵਾਂ ਨੂੰ ਤਕਨੀਕੀ ਰੂਪ ਨਾਲ ਕੌਸ਼ਲਤਾ ਪ੍ਰਦਾਨ ਕਰਨਾ ਸੀ ।

—o—

**ਮੁੱਖ ਮੰਤਰੀ ਵੱਲੋਂ ਪਾਲਿਕਾ ਪਰੀਸ਼ਦ ਦੀ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦਾ ਉਦਘਾਟਨ** :-ਦਿੱਲੀ ਦੀ ਮੁੱਖ ਮੰਤਰੀ, ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ 16 ਮਾਰਚ, 2013 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਤਾਲਕਟੋਰਾ ਗਾਰਡਨ ਵਿੱਚ ਆਯੋਜਿਤ ਦੂਜੀ ਅੰਤਰ-ਵਿਭਾਗੀ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦਾ ਉਦਘਾਟਨ ਕੀਤਾ । ਇਸ ਮੌਕੇ 'ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ, ਸੁਸ਼੍ਰੀ ਅਰਚਨਾ ਅਰੋੜਾ ਵੀ ਮੌਜੂਦ ਸਨ ।

ਪਾਲਿਕਾ ਪਰੀਸ਼ਦ ਦੇ ਬਾਗ਼ਬਾਨੀ ਵਿਭਾਗ ਵੱਲੋਂ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦੂਜੀ ਵਾਰੀ ਆਯੋਜਿਤ ਕੀਤੀ ਗਈ ਹੈ । ਇਸ ਪ੍ਰਤਿਯੋਗਤਾ ਨੂੰ 21 ਵਿਭਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ ਜਿਵੇਂ ਵਿਭਿੰਨ ਤਰ੍ਹਾਂ ਦੇ ਬਾਗ਼, ਗੋਲ ਚੁਰਸਤਾ, ਗਮਲਿਆਂ ਵਿੱਚ ਪੌਦੇ, ਦਹਾਲਿਆਂ ਪੌਦਿਆਂ ਦੇ ਗਮਲੇ, ਗਮਲੇ ਵਿੱਚ ਗੁਲਾਬ, ਲਟਕਣ ਵਾਲੀਆਂ ਟੋਕਰੀਆਂ, ਪੱਤੇਦਾਰ ਅਤੇ ਕਾਂਟੇਦਾਰ ਪੌਦੇ, ਬੋਗਨਵੇਲਿਆ, ਸੁਗੰਧਿਤ ਅਤੇ ਦਵਾਈਆਂ ਵਾਲੇ ਪੌਦੇ, ਗਮਲਿਆਂ ਵਿੱਚ ਸਬਜ਼ੀਆਂ ਅਤੇ ਫਲ, ਬੋਨਸਾਈ, ਟ੍ਰੇ-ਬਾਗ਼, ਫੁੱਲ-ਸੰਰਚਨਾਵਾਂ, ਸਬਜ਼ੀਆਂ ਅਤੇ ਫੁੱਲਾਂ ਦੀ ਸਜਾਵਟ, ਪੂਰਬ ਅਤੇ ਪੱਛਮੀ ਸ਼ੈਲੀ ਦੀ ਫੁੱਲ-ਸੱਜਾ, ਫੁੱਲ ਬਾਗ਼ਾਂ ਦੀ ਭੂ-ਦ੍ਰਿਸ਼ਾਵਲੀ, ਉਤਸਵ ਸਾਜ਼-ਸੱਜਾ, ਸਬਜ਼ੀਆਂ ਦੀ ਸੱਜਾ ਅਤੇ ਰੰਗ-ਬਰੰਗੇ ਬਾਗ਼ । ਇਨ੍ਹਾਂ ਸਾਰੀਆਂ ਸ਼੍ਰੇਣੀਆਂ ਦੀਆਂ ਪ੍ਰਤਿਯੋਗਤਾਵਾਂ ਵਿੱਚ ਇੱਕ ਟਰਾਫ਼ੀ ਅਤੇ ਹਰੇਕ ਦਾਖ਼ਲੇ ਦੇ ਲਈ ਕੱਪ ਰੱਖਿਆ ਗਿਆ ਹੈ । ਇਸ ਪ੍ਰਤਿਯੋਗਤਾ ਵਿੱਚ ਕੇਂਦਰੀ ਲੋਕ ਨਿਰਮਾਣ ਵਿਭਾਗ, ਦਿੱਲੀ ਨਗਰ ਨਿਗਮ, ਡੀ.ਡੀ.ਏ. ਦੇ ਬਾਗ਼ਬਾਨੀ ਵਿਭਾਗ ਨੇ ਵੀ ਹਿੱਸਾ ਲਿਆ । ਸੁਸ਼੍ਰੀ ਅਰਚਨਾ ਅਰੋੜਾ, ਪ੍ਰਧਾਨ, ਪਾਲਿਕਾ ਪਰੀਸ਼ਦ ਨੇ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦੇ ਵਧੀਆ ਭਾਗੀਦਾਰਾਂ ਨੂੰ 18 ਮਾਰਚ, 2013 ਨੂੰ ਪੁਰਸਕ੍ਰਿਤ ਕੀਤਾ ।

—o—

**ਮੁੱਖ ਮੰਤਰੀ ਵੱਲੋਂ ਪਾਲਿਕਾ ਪਰੀਸ਼ਦ ਖੇਤਰ ਵਿੱਚ 6 ਕਾਲੋਨੀ ਪੱਧਰੀ ਜਿਮਨੇਜ਼ੀਅਮਾਂ ਦਾ ਉਦਘਾਟਨ** :-ਦਿੱਲੀ ਦੀ ਮੁੱਖ ਮੰਤਰੀ, ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ 16 ਮਾਰਚ, 2013 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵਿੱਚ 6 ਕਾਲੋਨੀ ਪੱਧਰੀ ਜਿਮਨੇਜ਼ੀਅਮਾਂ ਦਾ ਉਦਘਾਟਨ ਕੀਤਾ । ਇਸ ਮੌਕੇ 'ਤੇ ਪਾਲਿਕਾ ਪਰੀਸ਼ਦ ਦੀ ਪ੍ਰਧਾਨ, ਸੁਸ਼੍ਰੀ ਅਰਚਨਾ ਅਰੋੜਾ ਵੀ ਮੌਜੂਦ ਸਨ ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀਆਂ ਵਿਭਿੰਨ ਲੋਕਲ ਰਿਹਾਇਸ਼ੀ ਕਲਿਆਣ ਸਮਿਤੀਆਂ (ਆਰ.ਡਬਲਯੂ.ਏ.) ਦੇ ਅਨੁਰੋਧ 'ਤੇ ਜਿਨ੍ਹਾਂ 6 ਸਥਾਨਾਂ 'ਤੇ ਕਾਲੋਨੀ ਪੱਧਰੀ ਜਿਮਨੇਜ਼ੀਅਮਾਂ ਦਾ ਨਿਰਮਾਣ ਕੀਤਾ ਗਿਆ ਹੈ, ਉਹ ਹਨ, ਸਰੋਜਨੀ ਵਿਹਾਰ-ਸਰੋਜਨੀ ਨਗਰ, ਸੀ.ਡਬਲਯੂ.ਸੀ.-ਸਰੋਜਨੀ ਨਗਰ, ਪਾਲਿਕਾ ਆਵਾਸ-ਸਰੋਜਨੀ ਨਗਰ, ਪਾਲਿਕਾ ਗ੍ਰਾਮ-ਲਕਸ਼ਮੀਬਾਈ ਨਗਰ, ਅਲੀਗੰਜ ਅਤੇ ਪਾਲਿਕਾ ਕੁੰਜ-ਕਰਬਲਾ । ਇਨ੍ਹਾਂ ਸਾਰੇ ਸਥਾਨਾਂ 'ਤੇ ਜਿਮਨੇਜ਼ੀਅਮ 25"×18" ਫੁਟ ਦੇ ਪੋਰਟ-ਕੇਬਿਨਾਂ ਦੇ ਅੰਦਰ ਬਣਾਏ ਗਏ ਹਨ ਅਤੇ ਇਨ੍ਹਾਂ ਨੂੰ ਅਤਿ ਆਧੁਨਿਕ ਜਿਮ-ਉਪਕਰਣਾਂ ਅਤੇ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ । ਇਨ੍ਹਾਂ ਸਾਰੇ 6 ਜਿਮਨੇਜ਼ੀਅਮਾਂ ਨੂੰ ਬਣਾਉਣ ਤੇ ਲਗਭਗ 81 ਲੱਖ ਰੁਪਏ ਦੀ ਲਾਗਤ ਆਈ ਹੈ ।

ਇਨ੍ਹਾਂ ਸਾਰੇ ਜਿਮਨੇਜ਼ੀਅਮਾਂ ਦਾ ਉਦਘਾਟਨ ਕਰਨ ਤੋਂ ਬਾਅਦ ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਲੋਕਲ ਜਨਤਾ ਨੂੰ ਅਨੁਰੋਧ ਕੀਤਾ ਕਿ ਸਾਰੇ ਲੋਕ ਇਨ੍ਹਾਂ ਜਿਮਨੇਜ਼ੀਅਮਾਂ ਦੀਆਂ ਆਧੁਨਿਕ ਸੁਵਿਧਾਵਾਂ ਦਾ ਫ਼ਾਇਦਾ ਚੁੱਕ ਕੇ ਤੰਦਰੁਸਤ ਜੀਵਨ-ਸ਼ੈਲੀ ਅਪਨਾਉ ਅਤੇ ਖ਼ੁਸ਼ਹਾਲ ਰਹਿਣ । ਉਨ੍ਹਾਂ ਨੇ ਜਨਤਾ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਇਨ੍ਹਾਂ ਦੇ ਬੇਹਤਰ ਰੱਖ-ਰਖਾਵ ਦੇ ਲਈ ਲੋਕਲ ਅਦਾਰੇ ਨੂੰ ਭਰਪੂਰ ਸਹਿਯੋਗ ਦੇਣ ।

ਇਸ ਮੌਕੇ 'ਤੇ ਪਾਲਿਕਾ ਪਰੀਸ਼ਦ ਦੇ ਮੈਂਬਰ, ਸਕੱਤਰ-ਪਾਲਿਕਾ ਪਰੀਸ਼ਦ, ਪਾਲਿਕਾ ਪਰੀਸ਼ਦ ਦੇ ਸੀਨੀਅਰ ਅਧਿਕਾਰੀ, ਲੋਕਲ ਰਿਹਾਇਸ਼ੀ ਕਲਿਆਣ ਸਮਿਤੀਆਂ ਦੇ ਪ੍ਰਤੀਨਿਧੀ ਅਤੇ ਲੋਕਲ ਵਸਨੀਕ ਵੀ ਮੌਜੂਦ ਸਨ ।

—o—

**ਪਾਲਿਕਾ ਪਰੀਸ਼ਦ ਦੀ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਪੁਰਸਕਾਰ ਵੰਡ ਦੇ ਨਾਲ ਸਮਾਪਤ** :-ਨਵੀਂ ਦਿੱਲੀ

ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ, ਸੁਸ਼੍ਰੀ ਅਰਚਨਾ ਅਰੋੜਾ ਨੇ 18 ਮਾਰਚ, 2013 ਨੂੰ ਪਾਲਿਕਾ ਪਰੀਸ਼ਦ ਦੇ ਤਾਲਕਟੋਰਾ ਗਾਰਡਨ ਵਿੱਚ ਹੋਈ ਦੋ-ਰੋਜ਼ਾ ਦੂਜੀ ਅੰਤਰ-ਵਿਭਾਗੀ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾਵਾਂ ਦੇ ਜੇਤੂਆਂ ਨੂੰ ਪੁਰਸਕ੍ਰਿਤ ਕੀਤਾ। ਇਸ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਦਾ ਉਦਘਾਟਨ ਦਿੱਲੀ ਦੀ ਮੁੱਖ ਮੰਤਰੀ, ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ 16 ਮਾਰਚ, 2013 ਨੂੰ ਕੀਤਾ ਸੀ। ਇਸ ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਵਿੱਚ ਉੱਤਰੀ ਦਿੱਲੀ ਨਗਰ ਨਿਗਮ ਅਤੇ ਦੱਖਣੀ ਦਿੱਲੀ ਨਗਰ ਨਿਗਮ ਨੇ ਵੀ ਹਿੱਸਾ ਲਿਆ।

ਇਸ ਫੁੱਲ-ਪ੍ਰਦਰਸ਼ਨੀ ਅਤੇ ਪ੍ਰਤਿਯੋਗਤਾ ਵਿੱਚ ਤਾਲਕਟੋਰਾ ਗਾਰਡਨ ਨੂੰ ਸਭ ਤੋਂ ਵਧੀਆ ਵੱਡੇ ਬਾਗ਼, ਸ਼ਾਂਤੀ ਪਥ ਨੂੰ ਸਭ ਤੋਂ ਵਧੀਆ ਮਿਡਲ ਸ਼੍ਰੇਣੀ ਦੇ ਪਾਰਕ, ਸਿੰਗਾਪੁਰ ਦੂਤਾਵਾਸ ਪਾਰਕ ਨੂੰ ਛੋਟੇ ਪਾਰਕ ਦੇ ਲਈ ਟਰਾਫ਼ੀ ਪ੍ਰਦਾਨ ਕੀਤੀ ਗਈ। ਯੋਰਕ ਪਲੇਸ ਗੋਲ ਚੁਰਸਤੇ ਨੂੰ ਵੱਡੇ ਗੋਲ ਚੁਰਸਤੇ ਦੇ ਲਈ, ਮੈਥਯੂ ਸਰਕਸ ਗੋਲ ਚੁਰਸਤੇ ਨੂੰ ਮਿਡਲ ਗੋਲ ਚੁਰਸਤੇ ਲਈ, ਚਰਚ ਰੋਡ ਅਤੇ ਵੀ.ਪੀ. ਹਾਊਸ ਗੋਲ ਚੁਰਸਤੇ ਨੂੰ ਛੋਟੇ ਗੋਲ ਚੁਰਸਤੇ ਦੇ ਲਈ ਟਰਾਫ਼ੀ ਪ੍ਰਦਾਨ ਕੀਤੀ ਗਈ। ਤੀਸ ਜਨਵਰੀ ਮਾਰਗ ਅਤੇ ਪ੍ਰਿਥਵੀਰਾਜ ਮਾਰਗ ਨੂੰ ਸਭ ਤੋਂ ਵਧੀਆ ਮਾਰਗ ਰੱਖ-ਰਖਾਵ ਦੇ ਲਈ, ਕਮਾਲ ਅਤਾਤੁਰਕ ਮਾਰਗ ਅਤੇ ਸ਼ਾਂਤੀ ਪਥ ਨੂੰ ਸਭ ਤੋਂ ਵਧੀਆ ਸੜਕ-ਵਿਚਕਾਰ-ਪਟਰੀ ਰੱਖ-ਰਖਾਵ ਅਤੇ ਸਭ ਤੋਂ ਵਧੀਆ ਸਕੂਲ ਬਾਗ਼ ਰੱਖ-ਰਖਾਵ ਦੇ ਲਈ ਨਗਰ ਪਾਲਿਕਾ ਪ੍ਰਾਥਮਿਕ ਸਕੂਲ-ਈਸਟ ਕਿਦਵਈ ਨਗਰ ਨੂੰ ਟਰਾਫ਼ੀ ਪ੍ਰਦਾਨ ਕੀਤੀ ਗਈ। ਸ਼ਿਵਾਜੀ ਸਟੇਡੀਅਮ ਨੂੰ ਸਭ ਤੋਂ ਵਧੀਆ ਸਟੇਡੀਅਮ ਸ਼੍ਰੇਣੀ ਦੇ ਲਈ, ਸੱਤਿਆ ਸਦਨ ਨੂੰ ਸਭ ਤੋਂ ਵਧੀਆ ਅਧਿਕਾਰੀ ਰਿਹਾਇਸ਼ੀ ਪਰਿਸਰ ਅਤੇ ਐੱਨ.ਡੀ.ਸੀ.ਸੀ. ਫੇਸ-ii ਨੂੰ ਸਭ ਤੋਂ ਵਧੀਆ ਆਫ਼ਿਸ ਪਰਿਸਰ ਪਾਰਕ ਰੱਖ-ਰਖਾਵ ਦੇ ਲਈ ਟਰਾਫ਼ੀ ਦਿੱਤੀ ਗਈ। ਰੇਸਕੋਰਸ ਰੋਡ ਪਰਿਸਰ ਨੂੰ ਵਿਸ਼ੇਸ਼ ਪੁਰਸਕਾਰ ਪ੍ਰਦਾਨ ਕੀਤਾ ਗਿਆ।

ਕੁਲ 30 ਟਰਾਫ਼ੀਆਂ ਅਤੇ 39 ਕੱਪਾਂ ਵਿੱਚੋਂ 7 ਟਰਾਫ਼ੀ ਅਤੇ 12 ਕੱਪ ਲੋਧੀ ਗਾਰਡਨ ਅਤੇ ਜ਼ੋਰ ਬਾਗ਼ ਦੀਆਂ ਪ੍ਰਦਰਸ਼ਨੀਆਂ ਨੂੰ, 7 ਟਰਾਫੀਆਂ ਅਤੇ 5 ਕੱਪ ਸਫ਼ਦਰਜੰਗ ਮਦਰਸਾ ਨਰਸਰੀ ਅਤੇ ਲੁਟਿਯਨ ਬੰਗਲੋ ਜ਼ੋਨ ਨੂੰ ਦਿੱਤੇ ਗਏ। ਨਹਿਰੂ ਪਾਰਕ, ਮਾਲਚਾ ਮਾਰਗ ਅਤੇ ਸੱਤਿਆ ਸਦਨ ਨੂੰ 5 ਟਰਾਫ਼ੀਆਂ ਅਤੇ 9 ਕੱਪ, ਤਾਲਕਟੋਰਾ ਗਾਰਡਨ, ਡੀ.ਆਈ.ਜ਼ੈਡ. ਏਰੀਆ ਅਤੇ ਮੰਡੀ ਹਾਊਸ ਨੂੰ 7 ਟਰਾਫ਼ੀਆਂ ਅਤੇ 6 ਕੱਪ ਅਤੇ ਚਿਲਡਰਨ ਪਾਰਕ, ਪੁਰਾਣਾ ਕਿਲ੍ਹਾ ਰੋਡ ਨਰਸਰੀ ਅਤੇ ਪੰਡਾਰਾ ਰੋਡ ਨੂੰ 7 ਟਰਾਫ਼ੀਆਂ ਅਤੇ 3 ਕੱਪ ਪ੍ਰਦਾਨ ਕੀਤੇ ਗਏ।

—o—

**ਮੁੱਖ ਮੰਤਰੀ ਵੱਲੋਂ ਪਾਲਿਕਾ ਪਰੀਸ਼ਦ ਖੇਤਰ ਵਿੱਚ ਕਾਲੋਨੀ ਪੱਧਰੀ ਜਿਮਨੇਜ਼ੀਅਮ ਦਾ ਉਦਘਾਟਨ** :-ਦਿੱਲੀ ਦੀ ਮੁੱਖ ਮੰਤਰੀ, ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ 25 ਮਾਰਚ, 2013 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵਿੱਚ ਲਾਲ ਬਹਾਦੁਰ ਸਦਨ -- ਗੋਲ ਮਾਰਕੀਟ ਵਿੱਚ ਕਾਲੋਨੀ ਪੱਧਰੀ ਜਿਮਨੇਜ਼ੀਅਮ ਦਾ ਉਦਘਾਟਨ ਪਾਲਿਕਾ ਪਰੀਸ਼ਦ ਦੀ ਪ੍ਰਧਾਨ, ਸੁਸ਼੍ਰੀ ਅਰਚਨਾ ਅਰੋੜਾ ਦੀ ਮੌਜੂਦਗੀ ਵਿੱਚ ਕੀਤਾ। ਇਸ ਮੌਕੇ 'ਤੇ ਪਾਲਿਕਾ ਪਰੀਸ਼ਦ ਖੇਤਰ ਦੇ ਵਿਭਿੰਨ ਰਿਹਾਇਸ਼ੀ ਕਲਿਆਣ ਸਮਿਤੀਆਂ ਅਤੇ ਮਾਰਕੀਟ-ਟ੍ਰੇਡਰਸ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਦੇ ਨਾਲ-ਨਾਲ ਭਾਰੀ ਗਿਣਤੀ ਵਿੱਚ ਲੋਕਲ ਵਸਨੀਕ ਵੀ ਮੌਜੂਦ ਸਨ।

ਇਸ ਉਦਘਾਟਨ ਤੋਂ ਬਾਅਦ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀਆਂ ਵਿਭਿੰਨ ਲੋਕਲ ਰਿਹਾਇਸ਼ੀ ਕਲਿਆਣ ਸਮਿਤੀਆਂ (ਆਰ.ਡਬਲਯੂ.ਏ.) ਦੇ ਅਨੁਰੋਧ 'ਤੇ ਜਿਨ੍ਹਾਂ ਹੋਰ ਚਾਰ ਸਥਾਨਾਂ 'ਤੇ ਕਾਲੋਨੀ ਪੱਧਰੀ ਜਿਮਨੇਜ਼ੀਅਮਾਂ ਦਾ ਨਿਰਮਾਣ ਕੀਤਾ ਗਿਆ ਹੈ, ਉਹ ਵੀ ਜਨਤਾ ਨੂੰ ਸਮਰਪਿਤ ਕਰ ਦਿੱਤੇ ਗਏ ਹਨ ਅਤੇ ਤੁਰੰਤ ਜਨਤਾ ਦੀ ਵਰਤੋਂ ਲਈ ਖੋਲ੍ਹ ਦਿੱਤੇ ਗਏ ਹਨ। ਉਹ ਸਾਰੇ ਲਾਲ ਬਹਾਦੁਰ ਸਦਨ – ਗੋਲ ਮਾਰਕੀਟ, ਪਾਲਿਕਾ ਮਿਲਨ – ਐੱਸ.ਪੀ. ਮਾਰਗ, 99 ਕੁਆਟਰ – ਮੋਤੀ ਬਾਗ਼, ਚਰਕ ਪਾਲਿਕਾ ਕਰਮਚਾਰੀ ਰਿਹਾਇਸ਼ੀ ਕੁਆਟਰ – ਮੋਤੀ ਬਾਗ਼ ਅਤੇ ਪਾਲਿਕਾ ਨਿਕੇਤਨ ਆਰ.ਕੇ. ਪੁਰਮ, ਨਵੀਂ ਦਿੱਲੀ ਵਿੱਚ ਸਥਿਤ ਹਨ।

ਉਦਘਾਟਨ ਸਮਾਰੋਹ ਤੋਂ ਬਾਅਦ ਰਿਹਾਇਸ਼ੀ ਕਲਿਆਣ ਸਮਿਤੀਆਂ ਦੇ ਅਹੁਦੇਦਾਰਾਂ ਨੇ ਮੁੱਖ ਮੰਤਰੀ ਨੂੰ ਇਸ ਸਹੂਲਤ ਦੇ ਲਈ ਧੰਨਵਾਦ ਦਿੱਤਾ। ਪਾਲਿਕਾ ਪਰੀਸ਼ਦ ਖੇਤਰ ਵਿੱਚ ਇਨ੍ਹਾਂ ਜਿਮਨੇਜ਼ੀਅਮਾਂ ਦੀ ਸਹੂਲਤ ਪ੍ਰਦਾਨ ਕਰਨਾ ਜਨਤਾ ਨੂੰ ਤੰਦਰੁਸਤ ਜੀਵਨ-ਸ਼ੈਲੀ ਉਪਲਬਧ ਕਰਵਾਉਣਾ ਇਕ ਅਨੂਠਾ ਉੱਦਮ ਹੀ ਨਹੀਂ, ਬਲਕਿ ਇੱਕ ਕੀਮਤੀ ਤੋਹਫ਼ਾ ਵੀ ਹੈ। ਇਸ ਨਾਲ ਜਨਤਾ ਆਪਣੀ ਭਾਗਦੌੜ ਭਰੀ ਜੀਵਨ-ਸ਼ੈਲੀ ਦੇ ਇਸ ਦੌਰ ਵਿੱਚ ਸਿਹਤ ਸੰਬੰਧੀ ਫ਼ਾਇਦਾ ਪ੍ਰਾਪਤ ਕਰ ਸਕੇਗੀ।

ਇਨ੍ਹਾਂ ਸਾਰੇ ਸਥਾਨਾਂ 'ਤੇ ਜ਼ਿਮਨੇਜ਼ੀਅਮ 25''×18'' ਫੁਟ ਦੇ ਪੋਰਟਾ ਕੇਬਿਨਾਂ ਦੇ ਅੰਦਰ ਬਣਾਏ ਗਏ ਹਨ ਅਤੇ ਇਨ੍ਹਾਂ

ਨੂੰ ਅਤਿ-ਆਧੁਨਿਕ ਜਿਮ-ਉਪਕਰਣਾਂ ਅਤੇ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ। ਇਨ੍ਹਾਂ ਸਾਰੇ ਪੰਜ ਜਿਮਨੇਜ਼ੀਅਮਾਂ ਨੂੰ ਬਣਾਉਣ 'ਤੇ ਲਗਭਗ 73 ਲੱਖ ਰੁਪਏ ਦੀ ਲਾਗਤ ਆਈ ਹੈ।

ਇਸ ਕੜੀ ਵਿੱਚ 6 ਕਾਲੋਨੀ ਪੱਧਰੀ ਜਿਮਨੇਜ਼ੀਅਮਾਂ ਦਾ ਉਦਘਾਟਨ ਸ੍ਰੀਮਤੀ ਸ਼ੀਲਾ ਦੀਕਸ਼ਿਤ ਵੱਲੋਂ ਸਰੋਜਨੀ ਵਿਹਾਰ-ਸਰੋਜਨੀ ਨਗਰ, ਸੀ.ਡਬਲਯੂ.ਸੀ. – ਸਰੋਜਨੀ ਨਗਰ, ਪਾਲਿਕਾ ਆਵਾਸ – ਸਰੋਜਨੀ ਨਗਰ, ਪਾਲਿਕਾ ਗ੍ਰਾਮ – ਲਕਸ਼ਮੀਬਾਈ ਨਗਰ, ਅਲੀਗੰਜ ਅਤੇ ਪਾਲਿਕਾ ਕੁੰਜ – ਕਰਬਲਾ ਵਿੱਚ ਪਿਛਲੇ ਹਫ਼ਤੇ ਹੀ ਕੀਤਾ ਜਾ ਚੁੱਕਿਆ ਹੈ।

—o—

**ਪਾਲਿਕਾ ਪਰੀਸ਼ਦ ਨੇ ਪ੍ਰਤਿਭਾ-ਖੋਜ ਵਜ਼ੀਫ਼ੇ ਵੰਡੇ** :-ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਨਿਦੇਸ਼ਕ (ਸਿੱਖਿਆ) ਸ੍ਰੀਮਤੀ ਵਿਦੁਸ਼ੀ ਨੇ 2 ਅਪ੍ਰੈਲ, 2013 ਨੂੰ ਪਾਲਿਕਾ ਪਰੀਸ਼ਦ ਦੇ ਪ੍ਰਾਥਮਿਕ ਅਤੇ ਮਾਧਮਿਕ ਸਕੂਲਾਂ ਅਤੇ ਨਵਯੁਗ ਸਕੂਲਾਂ ਦੇ 297 ਹੁਸ਼ਿਆਰ ਵਿਦਿਆਰਥੀਆਂ ਨੂੰ ਸਾਲ 2012-13 ਦੇ ਲਈ ਪ੍ਰਤਿਭਾ-ਖੋਜ ਵਜ਼ੀਫ਼ੇ ਤਾਲਕਟੋਰਾ ਸਟੇਡੀਅਮ ਵਿੱਚ ਆਯੋਜਿਤ ਇੱਕ ਸਮਾਰੋਹ ਵਿੱਚ ਵੰਡੇ।

ਪਾਲਿਕਾ ਪਰੀਸ਼ਦ ਸਕੂਲਾਂ ਦੇ ਪ੍ਰਾਥਮਿਕ ਅਤੇ ਮਾਧਮਿਕ ਕਲਾਸਾਂ ਦੀ ਪ੍ਰਤਿਭਾ-ਖੋਜ ਪ੍ਰੀਖਿਆ ਵਿੱਚ 933 ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾਂ ਵਿੱਚੋਂ 222 ਵਿਦਿਆਰਥੀਆਂ ਨੂੰ ਹੀ ਪ੍ਰਤਿਭਾ-ਖੋਜ ਪ੍ਰੀਖਿਆ ਤੋਂ ਬਾਅਦ ਇਹ ਵਜ਼ੀਫ਼ੇ ਪ੍ਰਦਾਨ ਕੀਤੇ ਗਏ। ਨਵਯੁਗ ਸਕੂਲਾਂ ਦੇ 729 ਵਿਦਿਆਰਥੀਆਂ ਨੇ ਇਸ ਪ੍ਰਤਿਭਾ-ਖੋਜ ਪ੍ਰੀਖਿਆ ਵਿੱਚ ਹਿੱਸਾ ਲਿਆ ਜਿਨ੍ਹਾਂ ਵਿੱਚੋਂ 75 ਵਿਦਿਆਰਥੀਆਂ ਨੂੰ ਹੀ ਵਜ਼ੀਫ਼ੇ ਪ੍ਰਦਾਨ ਕੀਤੇ ਗਏ।

ਪ੍ਰਾਥਮਿਕ ਪ੍ਰਤਿਭਾ-ਖੋਜ ਵਜ਼ੀਫ਼ੇ ਯੋਜਨਾ ਦੇ ਅੰਤਰਗਤ ਹਰੇਕ ਵਿਦਿਆਰਥੀ ਨੂੰ 1000/- ਰੁਪਏ ਅਤੇ ਮਾਧਮਿਕ ਪੱਧਰ ਦੇ ਵਿਦਿਆਰਥੀਆਂ ਨੂੰ 1500/- ਰੁਪਏ ਪ੍ਰਤੀ ਵਿਦਿਆਰਥੀ ਵਜ਼ੀਫ਼ੇ ਦੇ ਰੂਪ ਵਿੱਚ ਪ੍ਰਦਾਨ ਕੀਤੇ ਗਏ। ਇਸ ਪ੍ਰੋਗਰਾਮ ਵਿੱਚ ਪਾਲਿਕਾ ਪਰੀਸ਼ਦ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਹਿੱਸਾ ਲਿਆ।

—o—

**ਮੁੱਖ ਮੰਤਰੀ ਵੱਲੋਂ ਸੀਮਿੰਟ-ਕੰਕ੍ਰੀਟ ਰੋਡ ਪਰਿਯੋਜਨਾ ਅਤੇ ਡੇ-ਬੋਰਡਿੰਗ ਸਕੂਲ ਦਾ ਉਦਘਾਟਨ** :-ਦਿੱਲੀ ਦੀ ਮੁੱਖ ਮੰਤਰੀ, ਸ੍ਰੀਮਤੀ ਸ਼ੀਲਾ ਦੀਕਸ਼ਿਤ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਵਿੱਚ 6 ਅਪ੍ਰੈਲ, 2013 ਨੂੰ ਸਰੋਜਨੀ ਨਗਰ ਵਿੱਚ ਸੀਮਿੰਟ-ਕੰਕ੍ਰੀਟ ਰੋਡ ਬਣਾਉਣ ਦੀ ਪਰਿਯੋਜਨਾ ਅਤੇ ਹਨੂਮਾਨ ਲੇਨ – ਕਨਾਟ ਪਲੇਸ ਵਿੱਚ ਇਕ ਡੇ-ਬੋਰਡਿੰਗ ਸਕੂਲ ਦਾ ਉਦਘਾਟਨ ਕੀਤਾ। ਇਸ ਮੌਕੇ 'ਤੇ ਪਾਲਿਕਾ ਪਰੀਸ਼ਦ ਦੀ ਪ੍ਰਧਾਨ ਸੁਸ਼੍ਰੀ ਅਰਚਨਾ ਅਰੋੜਾ, ਪਾਲਿਕਾ ਪਰੀਸ਼ਦ ਦੇ ਸੀਨੀਅਰ ਅਧਿਕਾਰੀ, ਪਾਲਿਕਾ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕ, ਵਿਦਿਆਰਥੀ ਅਤੇ ਮਾਪੇ, ਵਿਭਿੰਨ ਰਿਹਾਇਸ਼ੀ ਕਲਿਆਣ ਸਮਿਤੀਆਂ ਅਤੇ ਮਾਰਕੀਟ-ਟ੍ਰੇਡਰਸ ਐਸੋਸੀਏਸ਼ਨਾਂ ਦੇ ਅਹੁਦੇਦਾਰਾਂ ਦੇ ਨਾਲ-ਨਾਲ ਭਾਰੀ ਗਿਣਤੀ ਵਿੱਚ ਲੋਕਲ ਵਸਨੀਕ ਵੀ ਮੌਜੂਦ ਸਨ।

**ਸਰੋਜਨੀ ਨਗਰ ਵਿੱਚ ਸੀਮਿੰਟ-ਕੰਕ੍ਰੀਟ ਰੋਡ ਪਰਿਯੋਜਨਾ ਦੀ ਸ਼ੁਰੂਆਤ** :-ਅੱਜ ਤੋਂ ਸ਼ੁਰੂ ਕੀਤੀ ਗਈ ਸੀਮਿੰਟ-ਕੰਕ੍ਰੀਟ ਰੋਡ ਦੀ ਇਸ ਪਰਿਯੋਜਨਾ 'ਤੇ ਕੁਲ 9.68 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਇਹ ਪਰਿਯੋਜਨਾ ਦਸੰਬਰ 2013 ਤੱਕ ਪੂਰੀ ਹੋ ਜਾਵੇਗੀ। ਇਸ ਕੰਮ ਦੇ ਅੰਤਰਗਤ ਬਿਜਲੀ ਅਤੇ ਸੰਚਾਰ ਦੀ ਕੇਬਲ ਦੇ ਲਈ ਐੱਚ.ਡੀ.ਪੀ.ਈ. ਪਾਈਪ ਦੀ ਡਕਟ ਪਾਈ ਜਾਵੇਗੀ ਅਤੇ ਸੀਵਰੇਜ਼ ਪ੍ਰਣਾਲੀ ਦੇ ਲਈ ਆਰ.ਸੀ.ਸੀ. ਪਾਈਪ ਵੀ ਪਾਉਣ ਦਾ ਪ੍ਰਾਵਧਾਨ ਹੈ। ਇਸ ਪੂਰੀ ਪਰਿਯੋਜਨਾ ਵਿੱਚ ਬਣੀ-ਬਣਾਈ ਮਿਸ਼ਰਿਤ ਸੀਮਿੰਟ-ਕੰਕ੍ਰੀਟ ਸਮੱਗਰੀ ਦੀ ਵਰਤੋਂ ਕੁਲ 21 ਕਿਲੋਮੀਟਰ ਲੰਮੀ ਅਤੇ ਲਗਭਗ ਤਿੰਨ ਮੀਟਰ ਚੌੜੀ ਸਿੰਗਲ ਲੇਨ ਸੜਕ ਦੇ ਨਿਰਮਾਣ ਲਈ ਕੀਤੀ ਜਾਵੇਗੀ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਦੀਆਂ ਰਿਹਾਇਸ਼ੀ ਕਾਲੋਨੀਆਂ ਵਿੱਚ ਕੰਕ੍ਰੀਟ ਦੀਆਂ ਸੜਕਾਂ ਅਤੇ ਲੇਨਾਂ ਦੀ ਪਰਿਯੋਜਨਾ ਲਗਾਤਾਰ ਪਿਛਲੇ ਤਿੰਨ ਵਰ੍ਹਿਆਂ ਤੋਂ ਚਲਾਈ ਜਾ ਰਹੀ ਹੈ, ਜੋ ਸਫ਼ਲਤਾ ਦੇ ਨਾਲ ਤਰੱਕੀ 'ਤੇ ਹੈ। ਹੁਣ ਤੱਕ ਇਸ ਪਰਿਯੋਜਨਾ ਦੇ ਅੰਤਰਗਤ ਬਾਪਾ ਨਗਰ, ਮੋਤੀ ਬਾਗ਼, ਨੇਤਾਜੀ ਨਗਰ, ਲਕਸ਼ਮੀਬਾਈ ਨਗਰ, ਕਿਦਵਈ ਨਗਰ, ਨੌਰੋਜੀ ਨਗਰ ਅਤੇ ਡੀ.ਆਈ.ਜ਼ੈੱਡ. ਏਰੀਆ (ਸੈਕਟਰ i ਅਤੇ iii) ਵਿੱਚ ਇਹ ਕੰਮ ਪੂਰਾ ਹੋ ਚੁੱਕਿਆ ਹੈ। ਲੋਧੀ ਕਾਲੋਨੀ, ਡੀ.ਆਈ.ਜ਼ੈੱਡ. ਏਰੀਆ (ਸੈਕਟਰ ii) ਅਤੇ ਭਾਰਤੀ ਨਗਰ ਵਿੱਚ ਇਸ ਪਰਿਯੋਜਨਾ ਦਾ ਕੰਮ ਤਰੱਕੀ 'ਤੇ ਹੈ ਅਤੇ ਇਸ ਸਾਲ ਪੂਰਾ ਕਰ ਲਿਆ ਜਾਵੇਗਾ।

**ਡੇ-ਬੋਰਡਿੰਗ ਸਕੂਲ, ਹਨੂਮਾਨ ਲੇਨ-ਕਨਾਟ ਪਲੇਸ** :-ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਕਨਾਟ ਪਲੇਸ

ਦੇ ਹਨੂਮਾਨ ਲੇਨ ਸਥਿਤ ਆਪਣੇ ਨਗਰ ਪਾਲਿਕਾ ਪ੍ਰਾਥਮਿਕ ਸਕੂਲ ਨੂੰ ਡੇ-ਬੋਰਡਿੰਗ ਸਕੂਲ ਵਿੱਚ ਤਬਦੀਲ ਕੀਤਾ ਹੈ। ਇਸ ਸਕੂਲ ਵਿੱਚ 250 ਵਿਦਿਆਰਥੀਆਂ ਲਈ ਡੇ-ਬੋਰਡਿੰਗ ਦੀਆਂ ਸਾਰੀਆਂ ਸਹੂਲਤਾਂ ਉਪਲਬਧ ਕਰਾਈਆਂ ਗਈਆਂ ਹਨ। ਇਹ ਸਹੂਲਤਾਂ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਵੇਰ 8 ਵਜੇ ਤੋਂ ਸ਼ਾਮੀਂ 6 ਵਜੇ ਤੱਕ ਉਪਲਬਧ ਹੋਣਗੀਆਂ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੁਆਰਾ ਸਿੱਖਿਆ ਅਧਿਕਾਰ ਅਧਿਨਿਯਮ 2009 ਨੂੰ ਲਾਗੂ ਕਰਨ ਦੀ ਦਿਸ਼ਾ ਵਿੱਚ ਇਹ ਇਕ ਪ੍ਰਗਤੀਸ਼ੀਲ ਕਦਮ ਹੈ।

ਇਸ ਡੇ-ਬੋਰਡਿੰਗ ਸਕੂਲ ਵਿੱਚ ਬੱਚਿਆਂ ਦੇ ਸਰਬ-ਪੱਖੀ ਵਿਕਾਸ ਦੇ ਲਈ ਮਾਰਗ-ਦਰਸ਼ਨ, ਪੋਸ਼ਕ ਭੋਜਨ, ਅਤਿਰਿਕਤ ਪੜ੍ਹਾਈ ਅਤੇ ਬਾਲ ਵਿਕਾਸ ਕੇਂਦ੍ਰਿਤ ਪ੍ਰੋਗਰਾਮਾਂ ਨੂੰ ਚਲਾਇਆ ਜਾਵੇਗਾ। ਇਸ ਦੇ ਅਤਿਰਿਕਤ ਇਸ ਸਕੂਲ ਵਿੱਚ ਬੱਚਿਆਂ ਦੇ ਸਰੀਰ ਸੰਬੰਧੀ ਵਿਕਾਸ ਦੇ ਨਾਲ-ਨਾਲ ਮਾਨਸਿਕ ਅਤੇ ਦਿਮਾਗ਼ੀ ਵਿਕਾਸ ਦੇ ਲਈ ਸੰਗੀਤ ਅਤੇ ਸੱਭਿਆਚਾਰਕ ਕਲਾਵਾਂ ਦੀ ਵੀ ਟ੍ਰੇਨਿੰਗ ਦਿੱਤੀ ਜਾਵੇਗੀ। ਹਰ ਹਫ਼ਤੇ ਇੱਥੇ 'ਥਿਏਟਰ ਇਨ ਐਜੂਕੇਸ਼ਨ' ਪ੍ਰੋਗਰਾਮ ਦੇ ਮਾਧਿਅਮ ਨਾਲ ਬੱਚਿਆਂ ਨੂੰ ਨਾਟ-ਕਲਾ ਦੇ ਮਾਧਿਅਮ ਨਾਲ ਵੀ ਸਿੱਖਣ-ਸਿਖਾਉਣ ਦੀਆਂ ਗਤੀਵਿਧੀਆਂ ਚਲਾਈਆਂ ਜਾਣਗੀਆਂ।

ਇਸ ਸਕੂਲ ਦੇ ਹਰੇਕ ਬੱਚੇ ਦਾ ਇਕ ਵਿਸਤਾਰਪੂਰਬਕ ਬਿਉਰਾ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਉਸ ਦੀ ਸਿਹਤ ਸੰਬੰਧੀ ਜਾਣਕਾਰੀ, ਪਰਿਵਾਰ ਸੰਬੰਧੀ ਸਥਿਤੀ ਅਤੇ ਵਿਸ਼ੇਸ਼ ਜ਼ਰੂਰਤਾਂ ਦਾ ਵੇਰਵਾ ਰੱਖਿਆ ਜਾਵੇਗਾ। ਜੇਕਰ ਕੋਈ ਬੱਚਾ ਕਿਸੀ ਸਰੀਰ ਸੰਬੰਧੀ ਬਿਮਾਰੀ ਨਾਲ ਪੀੜਿਤ ਹੈ ਜਾਂ ਕਿਸੀ ਮਾਨਸਿਕ ਸ਼ਮਤਾ ਤੋਂ ਕਮਜ਼ੋਰ ਜਾਂ ਤੰਦਰੁਸਤ ਹੈ ਤਾਂ ਉਸ ਦਾ ਵੇਰਵਾ ਵੀ ਉਸ ਦੀ ਵਿਸ਼ੇਸ਼ ਜ਼ਰੂਰਤ ਦੇ ਲਈ ਇਸ ਬਿਰਤਾਂਤ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਵਿਸਤਾਰਪੂਰਬਕ ਬਿਉਰੇ ਦੇ ਤਿਆਰ ਹੋਣ ਨਾਲ ਬੱਚਿਆਂ ਨੂੰ ਪ੍ਰਤੀ ਤਿਮਾਹੀ ਵਿੱਚ ਉਨ੍ਹਾਂ ਵਿੱਚ ਹੋਏ ਸੁਧਾਰ ਦਾ ਮੁੱਲ-ਨਿਰਧਾਰਣ ਕਰਨ ਵਿੱਚ ਮਦਦ ਮਿਲੇਗੀ।

—o—

**ਪਾਲਿਕਾ ਪਰੀਸ਼ਦ ਵੱਲੋਂ ਡੇਂਗੂ/ਚਿਗਨਗੁਨੀਆ ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ** :-ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ, ਸੁਸ਼੍ਰੀ ਅਰਚਨਾ ਅਰੋੜਾ ਨੇ 7 ਅਪ੍ਰੈਲ, 2013 ਨੂੰ ਐੱਨ.ਡੀ.ਸੀ.ਸੀ. ਕਨਵੈਨਸ਼ਨ ਹਾਲ ਵਿੱਚ ਪਾਲਿਕਾ ਪਰੀਸ਼ਦ ਖੇਤਰ ਦੀਆਂ ਰਿਹਾਇਸ਼ੀ ਕਲਿਆਣ ਸਮਿਤੀਆਂ ਅਤੇ ਮਾਰਕੀਟ ਟ੍ਰੇਡਰਸ ਐਸੋਸੀਏਸ਼ਨਾਂ ਦੇ ਪ੍ਰਤੀਨਿਧੀਆਂ ਲਈ ਡੇਂਗੂ/ਚਿਕਨਗੁਨੀਆ ਅਤੇ ਮਲੇਰੀਆ ਤੋਂ ਬਚਾਅ ਦੇ ਲਈ ਇਕ ਜਾਗਰੂਕਤਾ ਪ੍ਰੋਗਰਾਮ ਦਾ ਉਦਘਾਟਨ ਕੀਤਾ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਆਪਣੇ ਖੇਤਰ ਵਿੱਚ ਲਗਾਤਾਰ ਸੂਚਨਾ, ਸਿੱਖਿਆ ਅਤੇ ਸੰਚਾਰ ਦੀਆਂ ਗਤੀਵਿਧੀਆਂ ਦੁਆਰਾ ਜਨਤਾ ਦੇ ਵਿਚਕਾਰ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਤੋਂ ਬਚਾਅ ਦੇ ਲਈ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰਦੀ ਰਹਿੰਦੀ ਹੈ। ਪਿਛਲੇ ਵਰ੍ਹਿਆਂ ਵਿੱਚ ਪਾਲਿਕਾ ਪਰੀਸ਼ਦ ਵੱਲੋਂ ਰਿਹਾਇਸ਼ੀ ਕਲਿਆਣ ਸਮਿਤੀਆਂ, ਇੰਜੀਨੀਅਰਾਂ, ਪ੍ਰਿੰਸੀਪਲਾਂ, ਕਾਲਜਾਂ ਦੇ ਨੋਡਲ ਆਫ਼ਿਸਰਸ ਨੂੰ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਵਰਗੇ ਰੋਗਾਂ ਦੇ ਲੱਛਣ ਅਤੇ ਬਚਾਅ ਸੰਬੰਧੀ ਕਦਮਾਂ ਦੇ ਪ੍ਰਤੀ ਜਾਗਰੂਕ ਕਰਨ ਦੇ ਲਈ ਵਿਭਿੰਨ ਕਾਰਜਸ਼ਾਲਾਵਾਂ ਦਾ ਆਯੋਜਨ ਕੀਤਾ ਹੈ। ਇਸ ਕੜੀ ਵਿੱਚ ਪਾਲਿਕਾ ਪਰੀਸ਼ਦ ਨੇ ਇਸ ਸਾਲ ਰਿਹਾਇਸ਼ੀ ਕਲਿਆਣ ਸਮਿਤੀਆਂ ਅਤੇ ਮਾਰਕੀਟ ਟ੍ਰੇਡਰਸ ਐਸੋਸੀਏਸ਼ਨਾਂ ਦੇ ਪ੍ਰਤੀਨਿਧੀਆਂ ਦੇ ਲਈ ਇਹ ਜਾਗਰੂਕਤਾ ਕਾਰਜਸ਼ਾਲਾ ਆਯੋਜਿਤ ਕੀਤੀ ਹੈ।

ਇਸ ਪ੍ਰੋਗਰਾਮ ਦੇ ਆਯੋਜਨ ਦਾ ਮਕਸਦ ਰਿਹਾਇਸ਼ੀ ਕਲਿਆਣ ਸਮਿਤੀਆਂ ਅਤੇ ਮਾਰਕੀਟ ਟ੍ਰੇਡਰਸ ਐਸੋਸੀਏਸ਼ਨਾਂ ਦੇ ਪ੍ਰਤੀਨਿਧੀਆਂ ਨੂੰ ਉਨ੍ਹਾਂ ਦੇ ਖੇਤਰ ਵਿੱਚ ਇਨ੍ਹਾਂ ਰੋਗਾਂ ਦੇ ਛੂਤ ਨੂੰ ਫੈਲਾਉਣ ਤੋਂ ਰੋਕਣ ਅਤੇ ਉਨ੍ਹਾਂ ਤੋਂ ਬਚਾਅ ਦੇ ਉਪਾਅ ਦੇ ਪ੍ਰਤੀ ਜਾਗਰੂਕ ਕਰਨਾ ਹੈ। ਜੇਕਰ ਇਹ ਪ੍ਰਤੀਨਿਧੀ ਇਹ ਗਿਆਨ ਹਾਸਲ ਕਰ ਲੈਣਗੇ ਤਾਂ ਖੇਤਰ ਦੀ ਸਾਰੀ ਜਨਤਾ ਨੂੰ ਇਸ ਨਾਲ ਜਾਣੂ ਕਰਾਉਣ ਵਿੱਚ ਮਦਦ ਮਿਲੇਗੀ ਅਤੇ ਘਰਾਂ ਅਤੇ ਉਸ ਦੇ ਆਸ-ਪਾਸ ਦੇ ਖੇਤਰਾਂ ਨੂੰ ਵੀ ਇਨ੍ਹਾਂ ਰੋਗਾਂ ਤੋਂ ਬਚਾਉਣ ਵਿੱਚ ਵੀ ਸਿੱਧੀ ਮਦਦ ਮਿਲੇਗੀ। ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਲਗਭਗ 300 ਤੋਂ ਜ਼ਿਆਦਾ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਵਿਭਿੰਨ ਸੰਸਥਾਨਾਂ ਦੇ ਸਿਹਤ ਅਧਿਕਾਰੀਆਂ ਅਤੇ ਮਾਹਿਰਾਂ ਜਿਨ੍ਹਾਂ ਵਿੱਚ ਦਿੱਲੀ ਨਗਰ ਨਿਗਮ ਦੇ ਮੁੱਖ ਚਿਕਿਤਸਾ ਅਧਿਕਾਰੀ ਡਾ. ਐੱਨ. ਕੇ. ਯਾਦਵ, ਰਾਸ਼ਟਰੀ ਮਲੇਰੀਆ ਅਨੁਸੰਧਾਨ ਸੰਸਥਾਨ ਦੇ ਸੰਯੁਕਤ ਨਿਦੇਸ਼ਕ ਡਾ. ਬੀ.ਐੱਨ. ਨਾਗਪਾਲ, ਰਾਸ਼ਟਰੀ ਜਲਜਨਿਤ ਰੋਗ ਕੰਟਰੋਲ ਪ੍ਰੋਗਰਾਮ ਦੇ ਅਤਿਰਿਕਤ ਨਿਦੇਸ਼ਕ ਡਾ. ਆਰ. ਐੱਸ. ਸ਼ਰਮਾ ਅਤੇ ਡਾ. ਯੂ. ਐੱਸ. ਬੈਨਰਜੀ ਨੇ ਪਰਿਸਰਾਂ ਤੋਂ ਏਡਿਜ਼ ਮੱਛਰਾਂ ਦੀ ਉਤਪਤੀ ਤੋਂ ਬਚਾਅ ਦੇ ਲਈ ਵਿਸਤਾਰ ਨਾਲ ਦੱਸਿਆ। ਸਾਰੇ ਮਾਹਿਰਾਂ ਨੇ ਇਨ੍ਹਾਂ ਰੋਗਾਂ ਦੇ ਲੱਛਣਾਂ, ਇਲਾਜ ਅਤੇ ਬਚਾਅ ਸੰਬੰਧੀ ਕਦਮਾਂ ਨੂੰ ਲਾਗੂ ਕਰਨ 'ਤੇ ਬਲ ਦਿੰਦੇ ਹੋਏ ਮੌਜੂਦ ਸਮੂਹ ਨੂੰ ਜਾਗਰੂਕ ਕੀਤਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਨ੍ਹਾਂ ਰੋਗਾਂ ਦਾ ਬਚਾਅ, ਇਲਾਜ ਤੋਂ ਸਰਲ ਹੈ ਕਿਉਂਕਿ ਇਸ ਦੇ ਲਈ ਕੋਈ ਟੀਕਾ ਵੀ ਉਪਲਬਧ ਨਹੀਂ ਹੈ।

# ਸਾਹਿਤਕ ਸਮਾਚਾਰ

(i) **ਡਾ. ਰੇਣੂਕਾ ਸਿੰਘ, ਚੇਅਰਪਰਸਨ, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਡਾ. ਜਸਵੰਤ ਕੌਰ ਗਿੱਲ ਐਵਾਰਡ ਨਾਲ ਸਨਮਾਨਿਤ** :-ਪੰਜਾਬੀ ਸਾਹਿਤ ਟਰੱਸਟ ਢੁੱਡੀਕੇ ਦੇ ਜਨਰਲ ਸਕੱਤਰ ਡਾ. ਜਸਵੰਤ ਸਿੰਘ ਕੰਵਲ ਵੱਲੋਂ ਸਾਬਕਾ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਚੇਅਰਪਰਸਨ ਘੱਟ ਗਿਣਤੀ ਸ. ਤਰਲੋਚਨ ਸਿੰਘ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ, ਨਵੀਂ ਦਿੱਲੀ ਵਿਖੇ ਆਯੋਜਿਤ ਇਕ ਸਮਾਰੋਹ ਵਿੱਚ ਭੇਂਟ ਕੀਤਾ ਗਿਆ। ਇਸ ਵਿੱਚ ਦੁਸ਼ਾਲਾ ਅਤੇ 15,000 ਰੁਪਏ ਦੀ ਰਾਸ਼ੀ ਸ਼ਾਮਿਲ ਸੀ। ਸ਼ੁਰੂ ਵਿੱਚ ਡਾ. ਜਸਵੰਤ ਸਿੰਘ ਕੰਵਲ ਨੇ ਇਸ ਐਵਾਰਡ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸਭਾ ਦੇ ਪ੍ਰਧਾਨ ਸ੍ਰੀ ਗੁਲਜ਼ਾਰ ਸਿੰਘ ਸੰਧੂ ਨੇ ਸਮਾਰੋਹ ਦਾ ਸਟੇਜ ਸੰਚਾਲਨ ਕੀਤਾ। ਟਰੱਸਟ ਵੱਲੋਂ ਆਏ ਡਾ. ਸੁਮੇਲ ਸਿੰਘ ਸਿੱਧੂ ਨੇ ਗੁਲਦਸਤੇ ਨਾਲ ਡਾ. ਰੇਣੂਕਾ ਸਿੰਘ ਦਾ ਸਵਾਗਤ ਕੀਤਾ। ਡਾ. ਰੇਣੂਕਾ ਸਿੰਘ ਨੇ ਇਸ ਸਨਮਾਨ ਨੂੰ ਪੰਜਾਬੀ ਸਾਹਿਤ ਸਭਾ ਦੇ ਸਮੂਹ ਕਾਰਜਕਾਰਨੀ ਦਾ ਸਨਮਾਨ ਕਿਹਾ ਅਤੇ ਇਹ ਰਾਸ਼ੀ ਸਭਾ ਨੂੰ ਹੀ ਭੇਂਟ ਕਰ ਦਿੱਤੀ। ਅੰਤ ਵਿੱਚ ਸਭਾ ਦੀ ਜਨਰਲ ਸਕੱਤਰ ਡਾ. ਮੁਹਿੰਦਰ ਕੌਰ ਗਿੱਲ ਨੇ ਸਭ ਦਾ ਧੰਨਵਾਦ ਕੀਤਾ। ਇਸ ਸਮਾਰੋਹ ਵਿੱਚ ਕਾਫ਼ੀ ਗਿਣਤੀ ਵਿੱਚ ਲੇਖਕ ਅਤੇ ਪੰਜਾਬੀ ਪ੍ਰੇਮੀ ਮੌਜੂਦ ਸਨ।

—o—

(ii) **ਮਈ ਮਹੀਨੇ ਦੀ ਸਾਹਿਤਕ ਇਕੱਤਰਤਾ** :-ਮਈ 2013 ਦੀ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਸਾਹਿਤਕ ਇਕੱਤਰਤਾ ਪ੍ਰਸਿੱਧ ਆਲੋਚਕ ਅਤੇ ਲੇਖਕ ਡਾ. ਜਗਬੀਰ ਸਿੰਘ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ ਦੇ ਸਭਾਗਾਰ ਵਿਖੇ ਆਯੋਜਿਤ ਕੀਤੀ ਗਈ। ਇਸ ਮੌਕੇ 'ਤੇ ਡਾ ਜਸਵਿੰਦਰ ਕੌਰ ਬਿੰਦਰਾ ਨੇ ਲੇਖ 'ਅੰਗਹੀਣ ਪਰ ਯੋਧੇ', ਸ੍ਰੀ ਬਲਵਿੰਦਰ ਸਿੰਘ ਬਰਾੜ ਕਹਾਣੀ 'ਰਾਤ ਦੇ ਰਾਹੀਂ', ਡਾ. ਮੋਹਨਜੀਤ ਨੇ ਕਵਿਤਾ ਅਤੇ ਸ੍ਰੀ ਪ੍ਰਭਾ ਕਿਰਨ ਜੈਨ ਨੇ ਹਿੰਦੀ ਕਵਿਤਾਵਾਂ ਪੇਸ਼ ਕੀਤੀਆਂ। ਪੇਸ਼ ਕੀਤੀਆਂ ਰਚਨਾਵਾਂ ਤੇ ਭਰਪੂਰ ਚਰਚਾ ਹੋਈ।

ਇਕੱਤਰਤਾ ਦੇ ਅੰਤ ਵਿੱਚ ਡਾ. ਜਗਬੀਰ ਸਿੰਘ ਨੇ ਪੇਸ਼ ਹੋਈਆਂ ਰਚਨਾਵਾਂ ਬਾਰੇ ਆਪਣੇ ਵਿਚਾਰ ਰੱਖੇ। ਇਕੱਤਰਤਾ ਵਿੱਚ ਦਿੱਲੀ ਦੇ ਲੇਖਕਾਂ/ਪੰਜਾਬੀ ਪ੍ਰੇਮੀਆਂ ਦੀ ਭਰਪੂਰ ਹਾਜ਼ਰੀ ਸੀ। - ***ਰਵਿੰਦਰ ਨੰਦਾ***

## ਪਾਠਕਾਂ ਲਈ ਸੂਚਨਾ

ਨਵੀਂ ਦਿੱਲੀ 'ਪਾਲਿਕਾ ਸਮਾਚਾਰ' ਹੁਣ ਨਵੇਂ ਕਲੇਵਰ ਅਤੇ ਬਹੁਰੰਗੀ ਰੂਪ ਵਿੱਚ ਆਪ ਦੇ ਸਨਮੁਖ ਪੇਸ਼ ਹੈ। ਕਵਿਤਾਵਾਂ, ਗ਼ਜ਼ਲਾਂ, ਗੀਤਾਂ, ਕਹਾਣੀਆਂ ਅਤੇ ਲੇਖ ਦੇ ਇਲਾਵਾ ਅਨੇਕਾਂ ਪ੍ਰਕਾਰ ਦੀ ਸਮੱਗਰੀ ਨਾਲ ਭਰਪੂਰ 'ਪਾਲਿਕਾ ਸਮਾਚਾਰ' ਦੇ ਗਾਹਕ ਬਣੋ। 'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਹੁਣ ਇਸ ਪ੍ਰਕਾਰ ਹੈ :--

| | | |
|---|---|---|
| ਇਕ ਕਾਪੀ | : | 020 ਰੁਪਏ |
| ਸਾਲਾਨਾ | : | 100 ਰੁਪਏ |
| ਪੰਜ ਸਾਲਾਂ ਲਈ | : | 400 ਰੁਪਏ |

'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਆਪ ਮਨੀ-ਆਰਡਰ ਰਾਹੀਂ ਸਕੱਤਰ, ਨਵੀਂ ਦਿੱਲੀ ਨਗਰ ਪਾਲਿਕਾ ਪਾਲਿਕਾ ਪਰੀਸ਼ਦ, ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001 ਦੇ ਨਾਂ ਭੇਜ ਸਕਦੇ ਹੋ। – *ਸੰਪਾਦਕ*